# ਅਧਿਆਇ 12

# ਏਕਤਾ ਅਤੇ ਆਤਮਿਕ ਦਾਤਾਂ

ਅਧਿਆਇ 11 ਵਿੱਚ ਦੋ ਵਿਸ਼ੇ, ਸਿਰ ਨੂੰ ਚੁੰਨੀ ਨਾਲ ਕੱਜਣਾ ਅਤੇ ਸਮਾਜ ਵਿੱਚ ਭੋਜਨ ਦੌਰਾਨ ਪੈਣ ਵਾਲੀ ਵੰਡ, ਉਨ੍ਹਾਂ ਪ੍ਰਮੁੱਖ ਚਿੰਤਾਵਾਂ ਵਿੱਚੋਂ ਸਨ ਜਿਨ੍ਹਾਂ ਨੇ ਪੌਲੁਸ ਅਤੇ ਕੁਰਿੰਥੁਸ ਦੀ ਕਲੀਸੀਆ ਵਿੱਚ ਤਨਾਅ ਪੈਦਾ ਕੀਤੇ ਸਨ। ਦੋਵੇਂ ਮੁੱਦੇ "ਮੂਰਤੀਆਂ ਦੀਆਂ ਭੇਟਾਂ" (8:1) ਅਤੇ ਕਲੀਸੀਆ ਦੀ ਸਭਾ ਵਿੱਚ ਸਹੀ ਚਾਲ-ਚਲਣ ਨਾਲ ਸੰਬੰਧ ਰੱਖਦੇ ਸਨ।[1] ਸਿਰ ਨੂੰ ਕੱਜਣਾ ਉਨ੍ਹਾਂ ਦੇ ਲਈ ਪਵਿੱਤਰਤਾ ਦਾ ਇੱਕ ਚਿੰਨ੍ਹ ਸੀ ਜਿਹੜੇ ਰੋਮੀ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ, ਇੱਕ ਅਜਿਹੀ ਰੀਤ ਜਿਸ ਤੋਂ ਮਸੀਹੀ ਲੋਕਾਂ ਨੇ ਆਪਣੇ ਆਪ ਨੂੰ ਅਲੱਗ ਰੱਖਣਾ ਸੀ। ਜਦੋਂ ਕਲੀਸੀਆ ਫੁੱਟ ਵਾਲੀ ਭਾਵਨਾ ਦੇ ਨਾਲ ਲੰਗਰ ਵਿੱਚ ਹਿੱਸਾ ਲੈਂਦੀ ਸੀ, ਉਹ ਸਾਂਝ, ਸੰਗਤੀ ਅਤੇ ਆਪਸ ਵਿੱਚ ਕਿਸੇ ਚੀਜ਼ ਨੂੰ ਸਾਂਝੀ ਕਰਨ ਦੀ ਭਾਵਨਾ ਦੀ ਅਣਗਹਿਲੀ ਕਰ ਰਹੇ ਸਨ। ਇਹ ਪ੍ਰਭੂ ਭੋਜ ਵਿੱਚ ਦਰਸਾਈ ਗਈ ਮਸੀਹੀ ਸੰਗਤੀ ਵਿੱਚ ਜ਼ਰੂਰੀ ਭਾਗ ਸਨ। 11 ਅਧਿਆਇ ਵਿੱਚ ਇਨ੍ਹਾਂ ਵਿਸ਼ਿਆਂ ਨੇ 8 ਤੋਂ 10 ਅਧਿਆਵਾਂ ਵਿੱਚ ਪੌਲੁਸ ਨੇ ਜਿਨ੍ਹਾਂ ਸਮੱਸਿਆਵਾਂ ਨੂੰ ਸੰਬੋਧਿਤ ਕੀਤਾ ਸੀ ਅਤੇ ਅਧਿਆਇ 12 ਵਿੱਚ ਆਤਮਿਕ ਦਾਤਾਂ ਸੰਬੰਧੀ ਉਸ ਦੀ ਅਗਲੀ ਚਰਚਾ ਦੀ ਜਾਣ-ਪਛਾਣ ਕਰਾਉਣ ਵਿਚਕਾਰ ਇੱਕ ਪੁੱਲ ਦੇ ਰੂਪ ਵਿੱਚ ਕੰਮ ਕੀਤਾ ਸੀ।

ਕੁਰਿੰਥੁਸ ਵਿੱਚ ਮਸੀਹੀ ਲੋਕਾਂ ਨੂੰ ਇਸੇ ਦੇ ਬਾਰੇ ਹੋਰ ਜ਼ਿਆਦਾ ਜਾਣਕਾਰੀ ਦੀ ਲੋੜ ਸੀ ਕਿ ਉਨ੍ਹਾਂ ਦਾ ਚਾਲ-ਚਲਣ ਕਿਵੇਂ ਦਾ ਹੋਣਾ ਚਾਹੀਦਾ ਹੈ ਜਦੋਂ ਉਹ ਬੰਦਗੀ ਦੇ ਲਈ ਇਕੱਠੇ ਹੁੰਦੇ ਸਨ। ਵਿਸ਼ੇਸ਼ ਤੌਰ ਤੇ, ਪੌਲੁਸ ਇਹ ਕਹਿ ਰਿਹਾ ਸੀ ਕਿ ਉਨ੍ਹਾਂ ਨੂੰ ਸਭਾ ਵਿੱਚ ਆਪਣੀਆਂ ਆਤਮਿਕ ਦਾਤਾਂ ਦਾ ਸਹੀ ਤਰ੍ਹਾਂ ਇਸਤੇਮਾਲ ਕਰਨਾ ਸਿੱਖਣਾ ਚਾਹੀਦਾ ਹੈ। ਆਓ ਅਸੀਂ 12 ਤੋਂ 14 ਅਧਿਆਵਾਂ ਦਾ ਅਧਿਐਨ ਕਰਨਾ ਸ਼ੁਰੂ ਕਰੀਏ, ਜਿਨ੍ਹਾਂ ਦੀ ਜਾਣ-ਪਛਾਣ "ਆਤਮਕ ਦਾਨਾਂ ਦੇ ਵਿਖੇ" (12:1) ਵਾਕ ਨਾਲ ਕਰਾਈ ਗਈ ਹੈ।

## "ਆਤਮਾ ਦੇ ਰਾਹੀਂ ਬੋਲਣਾ" (12:1-3)

**1ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਆਤਮਕ ਦਾਨਾਂ ਦੇ ਵਿਖੇ ਅਣਜਾਣ ਰਹੋ।**
**2ਤੁਸੀਂ ਜਾਣਦੇ ਹੋ ਭਈ ਜਦ ਤੁਸੀਂ ਪਰਾਈ ਕੌਮ ਵਾਲੇ ਸਾਓ ਤਦ ਗੁੰਗੀਆਂ ਮੂਰਤੀਆਂ ਦੀ**
**ਵੱਲ ਜਿਵੇਂ ਤੋਰੇ ਜਾਂਦੇ ਤਿਵੇਂ ਤੁਰਦੇ ਸਾਓ। 3ਸੋ ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਪਰਮੇਸ਼ੁਰ**
**ਦੇ ਆਤਮਾ ਦੇ ਰਾਹੀਂ ਬੋਲ ਕੇ ਕੋਈ ਨਹੀਂ ਆਖਦਾ ਹੈ, "ਯਿਸੂ ਸਰਾਪਤ ਹੈ", ਨਾ ਕੋਈ**
**ਕਹਿ ਸੱਕਦਾ ਹੈ, "ਯਿਸੂ ਪ੍ਰਭੂ ਹੈ" ਪਰ ਨਿਰਾ ਪਵਿੱਤਰ ਆਤਮਾ ਦੇ ਰਾਹੀਂ।**

**ਆਇਤ 1.** ਦੋ ਸ਼ਬਦ **ਦੇ ਵਿਖੇ** ਸਾਡਾ ਧਿਆਨ ਵਾਪਸ ਉਸ ਪੱਤਰ ਵੱਲ ਲੈ ਜਾਂਦੇ ਹਨ

ਜੋ ਮੈਂਬਰਾਂ ਨੇ ਪੌਲੁਸ ਨੂੰ ਲਿਖਿਆ ਸੀ ਅਤੇ ਸਵਾਲ ਜੋ ਉਨ੍ਹਾਂ ਨੇ ਪੁੱਛੇ ਸਨ। 7:1 ਵਿੱਚ ਪੌਲੁਸ ਨੇ ਕਿਹਾ ਸੀ, "ਹੁਣ ਜਿਨ੍ਹਾਂ ਗੱਲਾਂ ਦੇ ਵਿਖੇ ਤੁਸਾਂ ਲਿਖਿਆ ਸੀ ਮੈਂ ਇਹ ਕਹਿੰਦਾ ਹਾਂ ਭਈ ਪੁਰਖ ਦੇ ਲਈ ਤਾਂ ਇਹ ਚੰਗਾ ਹੈ ਜੋ ਇਸਤ੍ਰੀ ਨੂੰ ਨਾ ਛੋਹੇ" ਅਤੇ 8:1 ਵਿੱਚ ਉਸ ਨੇ ਕਿਹਾ ਸੀ, "ਮੂਰਤੀਆਂ ਦੀਆਂ ਭੇਟਾਂ ਦੇ ਵਿਖੇ . . . ।"

ਪੌਲੁਸ ਇੱਕ ਹੋਰ ਵਿਸ਼ੇ ਬਾਰੇ ਵਰਣਨ ਕਰਨ ਦੇ ਲਈ ਤਿਆਰ ਸੀ ਜਿਸ ਦੇ ਵਿੱਚ ਮਸੀਹੀ ਅਤੇ ਮਸੀਹੀਅਤ ਦੇ ਆਉਣ ਤੋਂ ਪਹਿਲਾਂ ਦੀਆਂ ਰੀਤਾਂ ਵਿੱਚ ਸਚੇਤ ਅਲੱਗਤਾਈ ਦੀ ਲੋੜ ਸੀ। ਕਲੀਸੀਆ ਵਿੱਚ ਕੁਝ ਲੋਕ ਅਲੌਕਿਕ ਜਾਂ **ਆਤਮਕ ਦਾਨਾਂ** ਦਾ ਇਸਤੇਮਾਲ ਕਰ ਰਹੇ ਸਨ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਦੁਆਰਾ ਦਿੱਤੇ ਗਏ ਸਨ। ਇਨ੍ਹਾਂ ਆਰੰਭਕ ਮਸੀਹੀ ਲੋਕਾਂ ਨੂੰ ਦਿੱਤੀਆਂ ਗਈਆਂ ਕੁਝ ਦਾਤਾਂ ਮੂਰਤੀਪੂਜਾ ਦੇ ਬਰਾਬਰ ਪ੍ਰਤੀਤ ਹੁੰਦੀਆਂ ਸਨ। ਉਦਾਹਰਣ ਦੇ ਲਈ, ਚੰਗਾਂ ਕਰਨਾ ਵਾਲਿਆਂ ਅਤੇ ਚੰਗਿਆਈਆਂ ਦੀਆਂ ਬਹੁਤ ਸਾਰੀਆਂ ਖ਼ਬਰਾਂ ਪ੍ਰਾਚੀਨ ਸੰਸਾਰ ਵੱਲੋਂ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ, ਜਦਕਿ ਅਪੁੱਲੋਸ ਦੇ ਭਗਤਾਂ ਨੇ "ਨਬੂਵਤ" ਨੂੰ ਬੜੀ ਮੁਸ਼ਕਲ ਹੀ ਪਰਿਭਾਸ਼ਿਤ ਕੀਤਾ ਹੋਵੇਗਾ ਜਿਵੇਂ ਕਿ ਇਸਰਾਏਲ ਦੇ ਨਬੀਆਂ ਜਾਂ ਆਰੰਭਕ ਮਸੀਹੀ ਲੋਕਾਂ ਨੇ ਕੀਤਾ ਸੀ, ਸ਼ਬਦਾਵਲੀ ਇੱਕੋ ਜਿਹੀ ਸੀ।

ਹਰ ਪਾਸੇ ਧਾਰਮਿਕ ਲੋਕਾਂ ਦੀ ਇਹੀ ਧਾਰਣਾ ਸੀ ਕਿ ਅਲੌਕਿਕ ਤੌਰ ਤੇ ਆਤਮਿਕ ਦਾਨਾਂ ਦਾ ਦਿੱਤਾ ਜਾਣਾ ਇਸ ਗੱਲ ਦਾ ਇੱਕ ਚਿੰਨ੍ਹ ਸੀ ਕਿ ਉਸ ਵਿਅਕਤੀ ਦਾ ਈਸ਼ਵਰ ਨਾਲ ਇੱਕ ਖ਼ਾਸ ਰਿਸ਼ਤਾ ਹੈ ਜੋ ਕਿ ਉਨ੍ਹਾਂ ਦਾ ਨਹੀਂ ਸੀ ਜਿਨ੍ਹਾਂ ਵਿੱਚ ਦਾਨਾਂ ਦੀ ਕਮੀ ਸੀ। ਪੌਲੁਸ ਨੇ ਇਸ ਆਧਾਰ ਨੂੰ ਰੱਦ ਕੀਤਾ ਸੀ। ਇਨ੍ਹਾਂ ਮਸੀਹੀ ਲੋਕਾਂ ਦੇ ਲਈ, ਮਸੀਹ ਵਿੱਚ ਜੀਉਣ ਦਾ ਸੰਬੰਧ ਅਲੌਕਿਕ ਦਾਨਾਂ ਨਾਲੋਂ ਪਰਸਪਰ ਸੰਬੰਧਾਂ ਦੇ ਇਸਤੇਮਾਲ ਨਾਲ ਸੀ। ਇਸ ਦੇ ਨਾਲ-ਨਾਲ, ਰਸੂਲ ਨੇ ਵਿਸ਼ੇਸ਼ ਦਾਨਾਂ ਦੇ ਮਹੱਤਵ ਨੂੰ ਨਜ਼ਰਅੰਦਾਜ਼ ਨਹੀਂ ਸੀ ਕੀਤਾ। ਉਹ ਭਰਾਵਾਂ ਨੂੰ ਇਸ ਗੱਲ ਤੋਂ ਜਾਣੂ ਕਰਾਉਣਾ ਚਾਹੁੰਦਾ ਸੀ ਕਿ ਪਰਮੇਸ਼ੁਰ ਵੱਲੋਂ ਦਿੱਤੀਆਂ ਗਈਆਂ ਦਾਤਾਂ ਉਨ੍ਹਾਂ ਰਸਮਾਂ ਤੋਂ ਅਲੱਗ ਸਨ ਜਿਨ੍ਹਾਂ ਦਾ ਮੂਰਤੀਪੂਜਕਾਂ ਵਿੱਚ ਪਾਲਣ ਕੀਤਾ ਜਾਂਦਾ ਸੀ। ਮਸੀਹੀ ਲੋਕਾਂ ਦੇ ਲਈ ਉਨ੍ਹਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਉਦੇਸ਼ ਇੱਕ ਬਹੁਤ ਹੀ ਅਲੱਗ ਸੁਭਾਅ ਵਾਲੇ ਸਨ।

ਵਿਸ਼ੇਸ਼ਣ πνευματικῶν (*ਨਿਊਮਾਟੀਕੋਨ,* "ਆਤਮਕ") ਨਿਪੁੰਸਕ ਲਿੰਗ ਹੋ ਸਕਦਾ ਹੈ, ਜੇਕਰ ਇਸ ਤਰ੍ਹਾਂ ਹੈ ਤਾਂ 12:1 ਵਿੱਚ ਜੋ ਵਾਕ ਹੈ ਉਸ ਦਾ ਉੱਤਮ ਅਨੁਵਾਦ "ਆਤਮਿਕ ਚੀਜ਼ਾਂ" ਜਾਂ "ਆਤਮਿਕ ਦਾਤਾਂ" ਕੀਤਾ ਗਿਆ ਹੈ। ਦੂਜੇ ਪਾਸੇ, ਇਹ ਪੁਰਸ਼ ਲਿੰਗ ਹੋ ਸਕਦਾ ਹੈ, ਜੇਕਰ ਇਸ ਤਰ੍ਹਾਂ ਹੈ ਤਾਂ ਇਸ ਦਾ ਅਰਥ "ਆਤਮਿਕ ਲੋਕ" ਹੁੰਦਾ ਹੈ। ਅੱਗੇ ਆਉਣ ਵਾਲੀ ਚਰਚਾ ਤੋਂ, ਇਹ ਸਪੱਸ਼ਟ ਹੈ ਕਿ ਪੌਲੁਸ ਦੇ ਮਨ ਵਿੱਚ ਉਹ ਦਾਤਾਂ ਸਨ ਜੋ ਕੁਰਿੰਥੁਸ ਦੇ ਕੁਝ ਲੋਕਾਂ ਨੂੰ ਪਵਿੱਤਰ ਆਤਮਾ ਦੀ ਵੱਲੋਂ ਮਿਲੀਆਂ ਸਨ (ਵੇਖੋ 12:8)। ਉਸੇ ਕਾਰਣ, NASB ਦੇ ਅਨੁਵਾਦਕਾਂ ਦਾ "ਦਾਨਾਂ" ਨੂੰ ਟੇਢੇ ਅੱਖ਼ਰਾਂ ਵਿੱਚ ਲਿਖਣ ਦਾ ਫ਼ੈਸਲਾ ਉਚਿਤ ਸੀ। ਸੁਭਾਵਕ ਪੱਧਰ ਤੇ, ਪਰਮੇਸ਼ੁਰ ਨੇ ਉਨ੍ਹਾਂ ਵੱਖ-ਵੱਖ ਲੋਕਾਂ ਨੂੰ ਅਨੂਠੇ ਗੁਣ ਜਾਂ ਯੋਗਤਾਵਾਂ ਦਿੱਤੀਆਂ ਸਨ, ਪਰ ਪੌਲੁਸ ਚਮਤਕਾਰੀ ਦਾਤਾਂ ਦੇ ਬਾਰੇ ਗੱਲ ਕਰ ਰਿਹਾ ਸੀ।

**ਆਇਤ 2.** ਪੌਲੁਸ ਨੇ ਕਿਹਾ, **ਤੁਸੀਂ ਪਰਾਈ ਕੌਮ ਵਾਲੇ ਸਾਓ ਤਦ ਗੂੰਗੀਆਂ ਮੂਰਤੀਆਂ ਦੀ ਵੱਲ ਜਿਵੇਂ ਤੋਰੇ ਜਾਂਦੇ ਤਿਵੇਂ ਤੁਰਦੇ ਸਾਓ**। ਯੂਨਾਨੀ ਸ਼ਬਦ ἔθνη (*ਏਥਨੇ,* "ਲੋਕ") ਤੋਂ ਲਏ ਗਏ "ਪਰਾਈ ਕੌਮ" ਸ਼ਬਦ ਦੇ ਆਪਣੇ ਆਪ ਵਿੱਚ ਨਕਾਰਾਤਮਕ ਅਰਥ

ਨਹੀਂ ਹਨ; ਪਰ ਇੰਜੀਲ ਦੇ ਬਿਰਤਾਂਤਾਂ ਵਿੱਚ ਇਸ ਨੂੰ ਆਮ ਤੌਰ ਤੇ ਯਹੂਦੀ ਲੋਕਾਂ ਦੀ ਤੁਲਨਾ ਵਿੱਚ ਵਰਤਿਆ ਜਾਂਦਾ ਹੈ। ਇਹੋ ਜਿਹੇ ਸੰਦਰਭ ਵਿੱਚ, ਸ਼ਬਦ ਅਪਮਾਨਜਨਕ ਭਾਵ ਲੈਂਦਾ ਹੈ। "ਲੋਕ" "ਪਰਾਈ ਕੌਮ" ਸਨ ਅਰਥਾਤ ਗੈਰ-ਯਹੂਦੀ ਜਿਹੜੇ ਸੁਭਾਅ ਤੋਂ ਮੂਰਤੀਪੂਜਕ ਸਨ। ਉਹ ਪਰਮੇਸ਼ੁਰ ਜਾਂ ਉਸ ਦੀ ਵਿਵਸਥਾ ਦੇ ਕੁਝ ਨਹੀਂ ਸੀ ਜਾਣਦੇ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਦੀ ਕੋਈ ਪਰਵਾਹ ਸੀ। ਪਵਿੱਤਰ ਆਤਮਾ ਨੇ ਪਰਗਟ ਕੀਤਾ ਸੀ ਕਿ ਕਲੀਸੀਆ ਨੇ ਗੈਰ-ਯਹੂਦੀ ਇਸਰਾਏਲ ਨੂੰ ਪਰਮੇਸ਼ੁਰ ਦੇ ਲੋਕਾਂ ਵਜੋਂ ਉਖਾੜ ਦਿੱਤਾ ਸੀ (ਉਦਾਹਰਣ ਦੇ ਲਈ, ਰੋਮੀਆਂ 2:29 ਵੇਖੋ), ਪਰ ਇਸ ਬਦਲਾਅ ਨੇ ਏਥਨੇ ਸ਼ਬਦ ਨੂੰ ਇੱਕ ਨਵਾਂ ਅਰਥ ਦੇ ਦਿੱਤਾ। ਪੰਜਾਬੀ ਬੋਲਣ ਵਾਲਿਆਂ ਦੇ ਲਈ, ਗੈਰ-ਮਸੀਹੀ ਲੋਕ "ਓਪਰੇ ਕੌਮ" ਹਨ, ਨਾ ਕਿ "ਪਰਾਈ ਕੌਮ," ਹਾਲਾਂਕਿ ਯੂਨਾਨੀ ਸ਼ਬਦ ਇੱਕੋ ਹੈ। 12:2 ਵਿੱਚ ਪੌਲੁਸ ਆਪਣੇ ਕੁਝ ਪਾਠਕਾਂ ਦੇ ਮਸੀਹ ਵਿੱਚ ਆਉਣ ਤੋਂ ਪਹਿਲਾਂ ਦੇ ਜੀਵਨਾਂ ਦਾ ਹਵਾਲਾ ਦੇ ਰਿਹਾ ਸੀ, ਜਦੋਂ ਉਹ ਗੁੰਗੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ।

ਪਿਛਲੇ ਚਾਰ ਅਧਿਆਵਾਂ ਤੋਂ ਹੀ ਮੂਰਤੀਪੂਜਾ ਪੌਲੁਸ ਦੀ ਚਰਚਾ ਦਾ ਵਿਸ਼ਾ ਰਿਹਾ ਹੈ, ਪਰ 12:2 ਵਿੱਚ ਇਹ ਸ਼ਬਦ ਉਸ ਪਰਿਵਰਤਨ ਕਾਲ ਦਾ ਹਿੱਸਾ ਹਨ ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਬੰਦਗੀ ਸਭਾ ਦੌਰਾਨ ਮਸੀਹੀ ਲੋਕਾਂ ਦਾ ਚਾਲ-ਚਲਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਪੌਲੁਸ ਦਾ ਕੇਂਦਰ ਬਿੰਦੂ ਉਨ੍ਹਾਂ ਲੋਕਾਂ ਵਿਚਕਾਰ ਜਿਹੜੇ ਮੂਰਤੀਆਂ ਨੂੰ ਦੇਵਤੇ ਸਮਝਦੇ ਸਨ ਅਤੇ ਜਿਹੜੇ ਜਗਤ ਦੇ ਇੱਕੋ ਸੱਚੇ ਪਰਮੇਸ਼ੁਰ ਨੂੰ ਨਾਸਰੀ ਯਿਸੂ ਮਸੀਹ ਦੇ ਪਿਤਾ ਵਜੋਂ ਪਛਾਣਦੇ ਸਨ ਵਿਚਕਾਰ ਚਾਲ-ਚਲਣ ਦੇ ਬੁਨਿਆਦੀ ਫ਼ਰਕ ਸਨ। ਯਹੂਦੀ ਲੋਕਾਂ ਦੇ ਲਈ ਜਿਵੇਂ ਕਿ ਪੌਲੁਸ, ਤੁਲਨਾ ਦੀਆਂ ਯਹੂਦੀ ਇਤਹਾਸ ਅਤੇ ਵਚਨਾਂ ਵਿੱਚ ਡੂੰਘੀਆਂ ਜੜ੍ਹਾਂ ਸਨ (ਵੇਖੋ ਯਸਾਯਾਹ 44:9-11; ਯਿਰਮਿਯਾਹ 10:1-5; ਜ਼ਬੂਰ 115:3-8)।

ਬੀਤੇ ਸਮੇਂ ਵਿੱਚ, ਕੁਰਿੰਥੁਸ ਦੇ ਕੁਝ ਲੋਕਾਂ ਨੇ "ਗੁੰਗੀਆਂ ਮੂਰਤੀਆਂ" ਦੀ ਸੇਵਾ ਕੀਤੀ ਸੀ ਜੋ ਸ਼ਕਤੀਹੀਣ ਸਨ ਕਿਉਂਕਿ ਉਨ੍ਹਾਂ ਦਾ ਕੋਈ ਵਜੂਦ ਨਹੀਂ ਸੀ। ਆਤਮਿਕ ਦਾਤਾਂ ਜਿਨ੍ਹਾਂ ਦਾ ਮਸੀਹੀ ਲੋਕਾਂ ਦੁਆਰਾ ਅਨੰਦ ਮਾਣਿਆ ਗਿਆ ਸੀ ਉਨ੍ਹਾਂ ਨੂੰ ਮੂਰਤੀਪੂਜਾ ਦੀਆਂ ਰੀਤਾਂ ਨਾਲ ਨਹੀਂ ਸੀ ਉਲਝਾਉਣਾ। ਅਗੰਮ ਵਾਕ, ਚੰਗਿਆਈ, ਜਾਂ ਗੈਰ ਜ਼ੁਬਾਨ ਵਿੱਚ ਬੋਲਣ ਦੀਆਂ ਗੈਰ-ਯਹੂਦੀ ਰਸਮਾਂ ਨਾਲ ਬਾਹਰੀ ਸਮਾਨਤਾਵਾਂ ਹੋ ਸਕਦੀਆਂ ਸਨ; ਪਰ ਇਨ੍ਹਾਂ ਮਸੀਹੀ ਲੋਕਾਂ ਨੇ ਜੋ ਅਨੁਭਵ ਕੀਤਾ ਸੀ ਮੂਲ ਰੂਪ ਵਿੱਚ ਅਲੱਗ ਸੀ।

**ਆਇਤ 3.** ਪੌਲੁਸ ਭਰਾਵਾਂ ਨੂੰ ਜੋ **ਦੱਸਣਾ** ਚਾਹੁੰਦਾ ਸੀ ਸਭ ਤੋਂ ਪਹਿਲਾਂ ਰਹੱਸਮਈ ਜਾਪ ਸਕਦਾ ਹੈ। ਇਹ ਕਲਪਨਾ ਤੋਂ ਬਾਹਰ ਹੈ ਕਿ ਕੋਈ **ਪਰਮੇਸ਼ੁਰ ਦੇ ਆਤਮਾ ਰਾਹੀਂ ਬੋਲ ਕੇ ਕਹੇਗਾ**, "Ανάθεμα Ἰησοῦ" (*ਅਨਾਥੀਮਾ ਇਸਾਊਸ*), ਅਰਥਾਤ, "ਯਿਸੂ ਸਰਾਪਤ ਹੈ।" ਜੇਕਰ ਕੋਈ ਵੀ ਅਜਿਹਾ ਕੰਮ ਨਹੀਂ ਸੀ ਕਰ ਰਿਹਾ ਤਾਂ ਪੌਲੁਸ ਦੀ ਚਿਤਾਵਨੀ ਫਾਲਤੂ ਸੀ। ਜੇਕਰ ਕੁਝ ਲੋਕ "ਪਰਮੇਸ਼ੁਰ ਦੇ ਆਤਮਾ" ਦੀ ਗੁਹਾਰ ਲਗਾ ਰਹੇ ਸਨ ਅਤੇ ਕਹਿ ਰਹੇ ਸਨ, "**ਯਿਸੂ ਸਰਾਪਤ ਹੈ**," ਤਾਂ ਉਹ ਲੋਕ ਕੌਣ ਸਨ ਅਤੇ ਕਿਹੜੀ ਗੱਲ ਨੇ ਉਨ੍ਹਾਂ ਨੂੰ ਇਹ ਕਹਿਣ ਦੀ ਪ੍ਰੇਰਣਾ ਦਿੱਤੀ ਸੀ? ਰਸੂਲ ਅਜਿਹੇ ਭੇਤ ਦੀ ਵਿਆਖਿਆ ਕਰਨ ਵਿੱਚ ਕਿਉਂ ਅਸਫ਼ਲ ਹੋਇਆ ਹੋਵੇਗਾ?

ਸ਼ਾਇਦ ਪੌਲੁਸ ਦੇ ਕਹਿਣ ਦਾ ਅਰਥ ਇਹ ਸੀ ਕਿ ਕੋਈ ਵੀ ਵਿਅਕਤੀ "ਪਰਮੇਸ਼ੁਰ ਦੇ ਆਤਮਾ ਰਾਹੀਂ ਬੋਲ ਕੇ" ਅਜਿਹਾ ਕੰਮ ਨਹੀਂ ਕਰੇਗਾ। ਸ਼ਾਇਦ ਉਹ ਉਨ੍ਹਾਂ ਇਤਰਾਜ਼ਾਂ ਦਾ

ਜਵਾਬ ਦੇ ਰਿਹਾ ਹੋਵੇਗਾ ਜੋ ਕੁਝ ਲੋਕਾਂ ਨੇ ਉਨ੍ਹਾਂ ਦਾਤਾਂ ਨੂੰ ਇਸਤੇਮਾਲ ਕਰਨ ਦੇ ਬਾਰੇ ਕੀਤੇ ਸਨ ਜੋ ਉਨ੍ਹਾਂ ਦੇ ਵਾਂਗਰ ਗੈਰ-ਜ਼ੁਬਾਨ ਬੋਲਣ ਅਤੇ ਅਗੰਮ ਵਾਕ ਕਰਨ ਦੇ ਵਾਂਗ ਪ੍ਰਤੀਤ ਹੁੰਦੇ ਸਨ ਜਿਨ੍ਹਾਂ ਦਾ ਪਾਲਣ ਗੈਰ-ਯਹੂਦੀ ਪੰਥਾਂ ਵਿੱਚ ਕੀਤਾ ਜਾਂਦਾ ਸੀ। ਦਿਖਾਵਟੀ ਰੂਪ ਵਿੱਚ, ਅਜਿਹੇ ਕੰਮ ਪਰਮੇਸ਼ੁਰ ਦੀ ਬੰਦਗੀ ਦੇ ਲਈ ਪੂਰੀ ਤਰ੍ਹਾਂ ਵਿਲੱਖਣ ਸਨ। ਭਾਵਨਾਤਮਕ ਅਧਿਕਤਾਵਾਂ ਜਿਨ੍ਹਾਂ ਦੀ ਡਾਇਨੇਸਿਸ ਅਤੇ ਸਿਬੀਲ ਦੇ ਪੂਜਕਾਂ ਵਿੱਚ ਭਰਪੂਰੀ ਸੀ ਬਦਨਾਮ ਸਨ। ਕੁਝ ਮਸੀਹੀ ਲੋਕਾਂ (ਸ਼ਾਇਦ ਯਹੂਦੀ ਮਸੀਹੀ ਲੋਕਾਂ) ਨੇ ਮਸੀਹੀ ਲੋਕਾਂ ਦੇ ਗੈਰ ਜ਼ੁਬਾਨ ਬੋਲਣ ਤੇ ਇਤਰਾਜ਼ ਕੀਤਾ ਹੋਵੇਗਾ ਕਿਉਂਕਿ ਜਿਹੜੇ ਮੂਰਤੀਆਂ ਦੇ ਪੂਜਾ ਕਰਦੇ ਸਨ ਉਹ ਇਸੇ ਤਰੀਕਿਆਂ ਨਾਲ ਵਰਤਾਉ ਕਰਦੇ ਸਨ। ਜੇਕਰ ਅਜਿਹੀ ਸਥਿਤੀ ਸੀ ਜਿਸ ਨੇ ਪੌਲੁਸ ਨੂੰ ਇਹ ਗੱਲਾਂ ਕਰਨ ਦੇ ਲਈ ਮਜ਼ਬੂਰ ਕਰ ਦਿੱਤਾ ਸੀ ਤਾਂ ਉਹ ਉਨ੍ਹਾਂ ਦਾ ਬਚਾਅ ਕਰ ਰਿਹਾ ਸੀ ਜਿਨ੍ਹਾਂ ਨੇ ਆਤਮਾ ਦੀਆਂ ਦਾਤਾਂ ਨੂੰ ਇਸਤੇਮਾਲ ਕੀਤਾ ਸੀ। ਗੈਰ ਜ਼ੁਬਾਨ ਵਿੱਚ ਬੋਲਣ ਨੇ ਸ਼ਾਇਦ ਵੇਖਣ ਵਾਲੇ ਨੂੰ ਓਪਰੇ ਦੇਵਤਿਆਂ ਦੇ ਭਗਤਾਂ ਦੇ ਜੋਸ਼ ਬਾਰੇ ਚੇਤੇ ਕਰਾਇਆ ਸੀ; ਪਰ ਪਵਿੱਤਰ ਆਤਮਾ ਦੀ ਯੋਗ ਬਣਾਉਣ ਵਾਲੀ ਸ਼ਕਤੀ ਨੇ ਇਸ ਨੂੰ ਇੱਕ ਬਿਲਕੁਲ ਵੱਖਰਾ ਦ੍ਰਿਸ਼ ਬਣਾ ਦਿੱਤਾ ਸੀ ਜਿਸ ਦਾ ਮਸੀਹ ਦੇ ਪਿੱਛੇ ਚੱਲਣ ਵਾਲਿਆਂ ਦੇ ਲਈ ਵੱਡਾ ਅਰਥ ਸੀ। ਰੱਬੀ ਸ਼ਕਤੀ ਜਿਹੜੀ ਮਸੀਹੀ ਲੋਕਾਂ ਵਿੱਚ ਕੰਮ ਕਰਦੀ ਸੀ ਉਸ ਜੋਸ਼ ਤੋਂ ਭਿੰਨ ਸੀ ਜਿਸ ਨੇ ਗੈਰ-ਯਹੂਦੀ ਪੂਜਕਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਰਮੇਸ਼ੁਰ ਦੇ ਆਤਮਾ ਰਾਹੀਂ ਬੋਲ ਕੇ ਕੋਈ ਵੀ ਉਹ ਨਹੀਂ ਕਹੇਗਾ ਜੋ ਮੂਰਤੀਪੂਜਕਾਂ ਨੇ ਕਿਹਾ ਸੀ: "ਯਿਸੂ ਸਰਾਪਤ ਹੈ।" ਇਸ ਤੋਂ ਇਲਾਵਾ, ਜਿਨ੍ਹਾਂ ਨੇ ਦਿਲ ਤੋਂ ਐਲਾਨ ਕੀਤਾ ਸੀ ਕਿ "**ਯਿਸੂ ਪ੍ਰਭੂ ਹੈ**" ਆਪਣੇ ਆਪ ਨੂੰ ਪਵਿੱਤਰ ਆਤਮਾ ਦੇ ਪ੍ਰਭਾਵ ਹੇਠ ਵਿਖਾਇਆ ਸੀ।

ਰਸੂਲ ਨੇ ਸ਼ਾਇਦ ਇਹ ਦੂਜੀ ਗੱਲ ਜੋ ਕਹੀ ਸੀ ਉਹ ਸਿਰਫ ਇਨਕਾਰ ਦਾ ਸਮਰਥਨ ਕਰਨ ਦੇ ਉਦੇਸ਼ ਲਈ ਕਹੀ ਸੀ। ਕਿਸੇ ਦਾ ਪਰਮੇਸ਼ੁਰ ਦੇ ਆਤਮਾ ਰਾਹੀਂ ਬੋਲ ਕੇ ਯਿਸੂ ਨੂੰ ਸਰਾਪਤ ਕਹਿਣਾ ਉੱਨਾ ਹੀ ਅਸੰਭਵ ਸੀ ਜਿੰਨਾ ਕਿ ਕਿਸੇ ਦਾ ਉਸ ਨੂੰ ਯਿਸੂ ਪ੍ਰਭੂ ਹੈ ਕਰਕੇ ਕਹਿਣਾ। ਜੇਕਰ ਇਸ ਨੂੰ ਦੂਜੇ ਤਰੀਕੇ ਨਾਲ ਕਹੀਏ, ਇਹ ਮੰਨਣਾ ਕਿ ਕੋਈ ਆਤਮਾ ਦੇ ਪ੍ਰਭਾਵ ਵਿੱਚ ਹੋ ਕੇ ਇਹ ਕਹੇਗਾ ਕਿ "ਯਿਸੂ ਸਰਾਪਤ ਹੈ," ਹਾਸੋਹੀਣੀ ਗੱਲ ਹੈ; ਉਸੇ ਤਰ੍ਹਾਂ ਆਤਮਾ ਦੀ ਅਗਵਾਈ ਤੋਂ ਬਿਨਾਂ ਕੋਈ ਵੀ ਵਿਅਕਤੀ ਯਿਸੂ ਨੂੰ ਪ੍ਰਭੂ ਕਰਕੇ ਨਹੀਂ ਪਛਾਣੇਗਾ। ਇੱਕ ਸੱਚਾ ਇਕਰਾਰ ਕਿ "ਯਿਸੂ ਪ੍ਰਭੂ ਹੈ" ਆਪਣੇ ਆਪ ਵਿੱਚ ਇਸ ਗੱਲ ਦਾ ਸਬੂਤ ਹੈ ਕਿ ਇਕਰਾਰ ਕਰਨ ਵਾਲਾ ਪਵਿੱਤਰ ਆਤਮਾ ਦੇ ਪ੍ਰਭਾਵ ਹੇਠ ਹੈ। ਕੁਰਿੰਥੁਸ ਦੇ ਲੋਕਾਂ ਦਾ ਯਿਸੂ ਨੂੰ ਮੁਕਤੀਦਾਤਾ, ਪਰਮੇਸ਼ੁਰ ਦਾ ਪੁੱਤਰ ਮੰਨਣ ਦਾ ਸਾਂਝਾ ਇਕਰਾਰ ਉਨ੍ਹਾਂ ਦੇ ਲਈ ਇੱਕ ਦੂਜੇ ਦਾ ਸਮਰਥਨ ਕਰਨ ਦਾ ਸਬੱਬ ਬਣਿਆ ਸੀ। ਉਨ੍ਹਾਂ ਨੂੰ ਇੱਕ ਦੂਜੇ ਦੀਆਂ ਦਾਤਾਂ ਵਿੱਚ ਅਨੰਦ ਕਰਨ ਅਤੇ ਕਿਹੜੀਆਂ ਦਾਤਾਂ ਦੂਜੀਆਂ ਦਾਤਾਂ ਨਾਲੋਂ ਵੱਡੀਆਂ ਹਨ ਇਸ ਬਾਰੇ ਮੁਕਾਬਲੇਬਾਜ਼ੀ ਦੇ ਵਿਚਾਰਾਂ ਨੂੰ ਖਤਮ ਕਰਨ ਦੀ ਲੋੜ ਸੀ। ਰਸੂਲ ਨੇ ਪਹਿਲਾਂ ਤੋਂ ਹੀ ਸਰੀਰ ਦੀ ਏਕਤਾ ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਸੀ।

## "ਅਨੇਕ ਪਰਕਾਰ ਦੀਆਂ ਦਾਤਾਂ" (12:4-11)

**4ਦਾਤਾਂ ਅਨੇਕ ਪਰਕਾਰ ਦੀਆਂ ਹਨ ਪਰ ਆਤਮਾ ਇੱਕੋ ਹੈ। 5ਅਤੇ ਸੇਵਾ ਅਨੇਕ**

**ਪਰਕਾਰ ਦੀਆਂ ਹਨ ਪਰ ਪ੍ਰਭੂ ਇੱਕੋ ਹੈ। [6]ਅਤੇ ਕਾਰਜ ਅਨੇਕ ਪਰਕਾਰ ਦੇ ਹਨ ਪਰੰਤੂ
ਪਰਮੇਸ਼ੁਰ ਇੱਕੋ ਜਿਹੜਾ ਸਭਨਾਂ ਵਿੱਚ ਸਭ ਅਸਰ ਕਰਦਾ ਹੈ। [7]ਪਰ ਆਤਮਾ ਦਾ
ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ ਇੱਕ ਇੱਕ ਨੂੰ ਦਿੱਤਾ ਜਾਂਦਾ ਹੈ। [8]ਇੱਕ ਨੂੰ ਤਾਂ
ਆਤਮਾ ਦੇ ਰਾਹੀਂ ਗਿਆਨ ਦੀ ਗੱਲ ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ
ਅਨੁਸਾਰ ਵਿੱਦਿਆ ਦੀ ਗੱਲ। [9]ਅਤੇ ਹੋਰ ਕਿਸੇ ਨੂੰ ਉਸੇ ਆਤਮਾ ਤੋਂ ਨਿਹਚਾ ਅਤੇ ਹੋਰ
ਕਿਸੇ ਨੂੰ ਉਸੇ ਇੱਕੋ ਆਤਮਾ ਤੋਂ ਨਰੋਇਆਂ ਕਰਨ ਦੀਆਂ ਦਾਤਾਂ। [10]ਅਤੇ ਹੋਰ ਕਿਸੇ ਨੂੰ
ਕਰਾਮਾਤਾਂ ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ ਅਗੰਮ ਵਾਕ ਅਤੇ ਹੋਰ ਕਿਸੇ ਨੂੰ
ਆਤਮਿਆਂ ਦੀ ਪਛਾਣ ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ ਭਾਸ਼ਾਂ ਅਤੇ ਹੋਰ ਕਿਸੇ ਨੂੰ
ਭਾਸ਼ਾਂ ਦਾ ਅਰਥ ਕਰਨਾ। [11]ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ
ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ।**

ਕੁਰਿੰਥੀਆਂ ਨੂੰ ਲਿਖੀ ਗਈ ਪੱਤ੍ਰੀ ਦੇ ਸ਼ੁਰੂਆਤੀ ਸ਼ਬਦਾਂ ਵਿੱਚ ਪੌਲੁਸ ਦੀ ਚਿੰਤਾ ਵਿਸ਼ਵਾਸੀਆਂ ਵਿੱਚ ਏਕਤਾ ਸੀ (1:10; ਵੇਖੋ 3:3)। ਇਨ੍ਹਾਂ ਭਰਾਵਾਂ ਨੇ ਏਕਤਾ ਦੇ ਬਾਰੇ ਨਹੀਂ ਸੀ ਪੁੱਛਿਆ; ਉਨ੍ਹਾਂ ਨੇ ਆਤਮਿਕ ਦਾਤਾਂ ਦੇ ਬਾਰੇ ਪੁੱਛਿਆ ਸੀ, ਕਿਵੇਂ ਉਨ੍ਹਾਂ ਨੂੰ ਇਸਤੇਮਾਲ ਕੀਤਾ ਜਾਣਾ ਸੀ ਅਤੇ ਉਨ੍ਹਾਂ ਦੀ ਤੁਲਨਾਤਮਕ ਮਹੱਤਤਾ। ਫਿਰ ਵੀ, ਪੌਲੁਸ ਨੇ ਇਨ੍ਹਾਂ ਸਵਾਲਾਂ ਨੂੰ ਮਸੀਹ ਦੀ ਦੇਹ ਦੀ ਏਕਤਾ ਦੇ ਵਿਸ਼ੇ ਅਧੀਨ ਹੁੰਦਾ ਵੇਖਿਆ ਸੀ। ਰਸੂਲ ਦੀ ਚਿੰਤਾ ਉਹੀ ਸੀ ਜੋ ਉਸ ਤੋਂ ਪਹਿਲਾਂ ਮਸੀਹ ਦੀ ਸੀ (ਯੂਹੰਨਾ 17:20, 21)। ਉਸ ਦੇ ਮਗਰੋਂ ਲਗਭਗ ਚਾਲ੍ਹੀ ਸਾਲ ਬਾਅਦ ਕਲੀਮੈਂਟ ਆਫ਼ ਰੋਮ ਦੀ ਵੀ ਇਹੀ ਚਿੰਤਾ ਸੀ (c. 98 ਈਸਵੀ)[2] ਅਤੇ ਸਦੀਆਂ ਤੋਂ ਹੋਰਨਾਂ ਅਣਗਿਣਤ ਲੋਕਾਂ ਦੀ ਵੀ ਇਹੀ ਚਿੰਤਾ ਰਹੀ ਹੈ। ਆਤਮਿਕ ਦਾਤਾਂ ਬਾਰੇ ਸਵਾਲ ਪੌਲੁਸ ਦੇ ਲਈ ਹੋਰ ਜ਼ਿਆਦਾ ਮਹੱਤਵਪੂਰਣ ਮਾਮਲਿਆਂ ਬਾਰੇ ਲਿਖਣ ਦੇ ਲਈ ਇੱਕ ਸੱਦਾ ਸਨ ਜਿਨ੍ਹਾਂ ਦਾ ਸੰਬੰਧ ਮਸੀਹ ਦੇ ਸਰੀਰ ਦੇ ਸੁਭਾਅ ਨਾਲ ਸੀ।

**ਆਇਤ 4.** ਪਰਤੱਖ ਰੂਪ ਵਿੱਚ, 12:4 ਵਿੱਚ **ਦਾਤਾਂ** (χαρίσματα, *ਕੈਰਿਸਮਾਟਾ*) ਜੋ ਪੌਲੁਸ ਦੇ ਮਨ ਵਿੱਚ ਸਨ ਉਨ੍ਹਾਂ "ਆਤਮਿਕ ਦਾਨਾਂ" (*ਨਿਉਮਾਟੀਕੋਨ*) ਵਰਗੀਆਂ ਸਨ ਜਿਨ੍ਹਾਂ ਦਾ ਜ਼ਿਕਰ ਉਸ ਨੇ 1 ਆਇਤ ਵਿੱਚ ਕੀਤਾ ਸੀ। ਨਵੇਂ ਨੇਮ ਵਿੱਚ "ਦਾਤ" ਲਈ ਜਿਹੜਾ ਆਮ ਸ਼ਬਦ ਵਰਤਿਆ ਗਿਆ ਹੈ ਉਹ ਹੈ δῶρον (*ਡੋਰੋਨ*); ਇਸ ਸ਼ਬਦ ਦੇ ਦੂਜੇ ਰੂਪ δωρεά (*ਡੋਰੀਆ*) ਅਤੇ δώρημα (*ਡੋਰੀਮਾ*) ਹਨ। ਇਹ ਤਿੰਨ ਸ਼ਬਦ ਨਵੇਂ ਨੇਮ ਵਿੱਚ ਤੀਹ ਤੋਂ ਵੀ ਵੱਧ ਵਾਰ ਆਉਂਦੇ ਹਨ, ਪਰ ਆਪਣੀ ਪੱਤ੍ਰੀ ਵਿੱਚ ਪੌਲੁਸ ਨੇ *ਡੋਰੀਆ* ਸ਼ਬਦ ਸਿਰਫ ਪੰਜ ਵਾਰ ਅਤੇ *ਡੋਰੋਨ* ਸਿਰਫ ਇੱਕ ਵਾਰ ਵਰਤਿਆ ਸੀ। ਦੂਜੇ ਪਾਸੇ, χάρισμα (*ਕੈਰਿਸਮਾ*) ਸ਼ਬਦ ਨਵੇਂ ਨੇਮ ਵਿੱਚ ਕੁੱਲ ਸਤਾਰਾਂ ਵਾਰ ਆਉਂਦਾ ਹੈ ਅਤੇ ਪੌਲੁਸ ਦੀਆਂ ਪੱਤ੍ਰੀਆਂ ਵਿੱਚ ਇੱਕ ਵਾਰ। ਪੌਲੁਸ ਨੇ ਸੋਲ੍ਹਾਂ ਵਾਰ ਇਹ ਸ਼ਬਦ ਵਰਤਿਆ ਸੀ ਜਿਨ੍ਹਾਂ ਵਿੱਚੋਂ ਸੱਤ ਵਾਰ ਕੁਰਿੰਥੀਆਂ ਵਿੱਚ ਵਰਤਿਆ ਗਿਆ ਹੈ। 12 ਅਧਿਆਇ ਵਿੱਚ ਉਸ ਨੇ ਇਹ ਸ਼ਬਦ ਪੰਜ ਵਾਰ ਵਰਤਿਆ ਸੀ। ਪੌਲੁਸ ਨੇ "ਦਾਤਾਂ" ਦੇ ਲਈ *ਚੈਰਿਸਮਾ* ਨੂੰ ਆਪਣੇ ਸ਼ਬਦ ਦੇ ਰੂਪ ਵਿੱਚ ਬੜੇ ਧਿਆਨ ਨਾਲ ਚੁਣਿਆ ਸੀ; ਇਸ ਦਾ ਅਰਥ ਵੀ χάρις (*ਚੈਰਿਸ*, "ਕਿਰਪਾ") ਅਤੇ χαρά (*ਚਾਰਾ*, "ਅਨੰਦ") ਹੈ।[3] ਇਸ ਸ਼ਬਦਾਵਲੀ ਦੀ ਵਰਤੋਂ ਕਰਨ ਦੇ ਦੁਆਰਾ, ਪੌਲੁਸ ਇਹ ਸੁਝਾਅ ਦੇ ਰਿਹਾ ਸੀ ਕਿ ਉਹ ਦਾਤਾਂ ਜਿਨ੍ਹਾਂ ਦਾ ਉਸ ਨੇ ਪਰਮੇਸ਼ੁਰ

ਦੁਆਰਾ ਦਿੱਤੇ ਜਾਣ ਦਾ ਹਵਾਲਾ ਦਿੱਤਾ ਸੀ ਉਸ ਕਿਰਪਾ ਅਤੇ ਅਨੰਦ ਦੇ ਵਿਸਤਾਰ ਦੇ ਰੂਪ ਵਿੱਚ ਸਨ ਜੋ ਮਸੀਹ ਨੂੰ ਆਪਣਾ ਪ੍ਰਭੂ ਕਰਕੇ ਮੰਨਣ ਨਾਲ ਆਉਂਦੀਆਂ ਹਨ।

ਮੂਲ ਲਿਖਤ ਵਿੱਚ ਅੱਗੇ ਦਾਤਾਂ ਦਾ ਜੋ ਵਰਣਨ ਦਿੱਤਾ ਗਿਆ ਹੈ ਇਹ ਇਸ਼ਾਰਾ ਕਰਦਾ ਹੈ ਕਿ ਉਹ ਅਲੌਕਿਕ ਦਾਨ ਸਨ। ਪਰਮੇਸ਼ੁਰ ਦੀਆਂ ਕਿਰਪਾਲੂ "ਦਾਤਾਂ" (*ਚੈਰਿਸਮਾ*) ਵਿੱਚ ਉਹ ਸਭ ਸ਼ਾਮਲ ਹੈ ਜੋ ਪਰਮੇਸ਼ੁਰ ਆਪਣੇ ਲੋਕਾਂ ਦੇ ਲਈ ਕਰਦਾ ਹੈ, ਇੱਥੋਂ ਤੱਕ ਕਿ ਸਦੀਪਕ ਜੀਵਨ ਵੀ ਸ਼ਾਮਲ ਹੈ (ਰੋਮੀਆਂ 6:23); ਪਰ 1 ਕੁਰਿੰਥੀਆਂ 12-14 ਦਾ ਸੰਦਰਭ ਇਸ ਸ਼ਬਦ ਤੇ ਸੀਮਾਵਾਂ ਲਗਾ ਦਿੰਦਾ ਹੈ। ਜਦਕਿ ਇਸ ਸ਼ਬਦ ਦਾ ਅਰਥ ਹਮੇਸ਼ਾ ਨਿਸ਼ਚਤ ਰੂਪ ਵਿੱਚ ਉਹੀ ਨਹੀਂ ਹੁੰਦਾ, ਪੌਲੁਸ ਇੱਥੇ "ਆਤਮਿਕ ਦਾਤਾਂ" (12:1) ਬਾਰੇ ਸਵਾਲਾਂ ਦੇ ਜਵਾਬ ਦੇ ਰਿਹਾ ਸੀ। ਉਸ ਦੇ ਜਵਾਬ ਵਿੱਚ ਜੇਕਰ ਅਸੀਂ ਰਸੂਲ ਦੀ ਦਾਤਾਂ ਵਾਲੀ ਸੂਚੀ ਤੇ ਨਜ਼ਰ ਮਾਰੀਏ ਤਾਂ ਵਿਆਖਿਆ ਕਰਨ ਵਾਲਾ ਨਿਸ਼ਚਤ ਹੋ ਸਕਦਾ ਹੈ ਕਿ ਉਹ ਸਿਰਫ "ਦਾਤਾਂ" ਦੀਆਂ ਕੁਝ ਕਿਸਮਾਂ ਨੂੰ ਸ਼ਾਮਲ ਕਰ ਰਿਹਾ ਸੀ।[4] ਇਹ ਵਿਸ਼ੇਸ਼ ਦਾਤਾਂ ਕਲੀਸੀਆ ਦੀ ਉੱਨਤੀ ਦੇ ਲਈ ਪਵਿੱਤਰ ਆਤਮਾ ਦੇ ਦੁਆਰਾ ਦਿੱਤੀਆਂ ਗਈਆਂ ਸਨ, ਪਰ ਮਨੁੱਖੀ ਘਮੰਡ ਆਤਮਿਕ ਦਾਨਾਂ ਨੂੰ ਨਿੱਜੀ ਰੁਤਬੇ ਦੀ ਗੱਲ ਵਿੱਚ ਬਦਲ ਰਿਹਾ ਸੀ। ਜ਼ਿਆਦਾ ਪ੍ਰਸਿੱਧ ਹੋਣ ਦੇ ਮੁਕਾਬਲੇ ਨਾਲ, ਲੋਕਾਂ ਵਿੱਚ ਦਾਤਾਂ ਨੂੰ ਇਸਤੇਮਾਲ ਕਰਨ ਨਾਲ ਮੰਡਲੀ ਵਿੱਚ ਵੰਡ ਪੈ ਗਈ ਸੀ।

ਅਲੌਕਿਕ ਦਾਤਾਂ ਦੀ ਮਹੱਤਵਪੂਰਣ ਵਿਸ਼ੇਸ਼ਤਾ ਇਹ ਸੀ ਕਿ ਆਰੰਭਕ ਮਸੀਹੀ ਲੋਕ ਜਿਨ੍ਹਾਂ ਦੇ ਕੋਲ ਇਹ ਦਾਤਾਂ ਸਨ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਇਸਤੇਮਾਲ ਕਰ ਸਕਦੇ ਸਨ। ਉਦਾਹਰਣ ਦੇ ਲਈ, ਪਤਰਸ ਅਤੇ ਯੂਹੰਨਾ ਮੰਦਿਰ ਦੇ ਇਲਾਕੇ ਵਿੱਚ ਕਈ ਲੰਗੜਿਆਂ ਲੂਲਿਆਂ ਜਾਂ ਅੰਨ੍ਹਿਆਂ ਨੂੰ ਚੰਗਾ ਕਰ ਸਕਦੇ ਸੀ। ਉਨ੍ਹਾਂ ਨੇ ਆਪਣੇ ਵਿਵੇਕ ਅਨੁਸਾਰ ਇਹ ਚੋਣ ਕੀਤੀ ਕਿ ਉਨ੍ਹਾਂ ਨੂੰ ਕਿਹੜੇ-ਕਿਹੜੇ ਵਿਅਕਤੀ ਨੂੰ ਚੰਗਾ ਕਰਨਾ ਚਾਹੀਦਾ ਹੈ (ਜਿਵੇਂ ਕਿ ਰਸੂਲਾਂ ਦੇ ਕਰਤੱਬ 3:6 ਵਿੱਚ ਹੈ)। ਉਸੇ ਤਰ੍ਹਾਂ, ਬਾਕੀ ਮਸੀਹੀ ਲੋਕ ਜਿਨ੍ਹਾਂ ਦੇ ਕੋਲ ਚੰਗਿਆਈ ਦੀ ਦਾਤ ਸੀ ਬਿਮਾਰਾਂ ਨੂੰ ਚੰਗਾ ਕਰ ਸਕਦੇ ਸਨ ਜਦ ਕਦੀ ਵੀ ਉਹ ਠਾਣ ਲੈਂਦੇ ਸਨ ਕਿ ਇਸ ਤਰ੍ਹਾਂ ਕਰਨਾ ਉਚਿਤ ਸੀ। ਉਸੇ ਤਰ੍ਹਾਂ, ਜਿਨ੍ਹਾਂ ਕੋਲ ਗੈਰ ਜ਼ੁਬਾਨ ਬੋਲਣ ਜਾਂ ਅਗੰਮ ਵਾਕ ਕਰਨ ਦੀਆਂ ਦਾਤਾਂ ਸਨ ਇਨ੍ਹਾਂ ਦਾਤਾਂ ਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ, ਉਨ੍ਹਾਂ ਨੇ ਇਨ੍ਹਾਂ ਦਾਤਾਂ ਨੂੰ ਉਨ੍ਹਾਂ ਦੇ ਵਿਵੇਕ ਅਨੁਸਾਰ ਇਸਤੇਮਾਲ ਕੀਤਾ (ਵੇਖੋ 1 ਕੁਰਿੰਥੀਆਂ 14:32)। ਜਦੋਂ ਇਨ੍ਹਾਂ ਦਾਤਾਂ ਨੂੰ ਇਸਤੇਮਾਲ ਕੀਤਾ ਜਾਂਦਾ ਸੀ ਤਾਂ ਇਸ ਵਿੱਚ ਮਨ ਅਤੇ ਇੱਛਾ ਸ਼ਾਮਲ ਹੁੰਦੇ ਸਨ; ਕੋਈ ਵੀ ਪ੍ਰੇਰਣਾ ਜਾਂ ਭਾਵਨਾਤਮਕ ਜ਼ਿੰਮੇਵਾਰੀ ਇਨ੍ਹਾਂ ਮਸੀਹੀ ਲੋਕਾਂ ਤੇ ਹਾਵੀ ਨਹੀਂ ਸੀ ਹੋਈ ਅਤੇ ਉਨ੍ਹਾਂ ਦੇ ਲਈ ਉਨ੍ਹਾਂ ਤਰੀਕਿਆਂ ਨਾਲ ਵਿਹਾਰ ਕਰਨ ਦਾ ਸਬੱਬ ਨਹੀਂ ਸੀ ਬਣੀ ਜਿਨ੍ਹਾਂ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

ਪਰਮੇਸ਼ੁਰ ਆਪਣੇ ਚੁਣੇ ਹੋਏ ਸਮੇਂ ਅਨੁਸਾਰ ਕਿਸੇ ਵੀ ਵੇਲੇ ਆਪਣੇ ਲੋਕਾਂ ਦੀਆਂ ਬੇਨਤੀਆਂ ਦਾ ਜਵਾਬ ਦੇਣ ਲਈ ਕੰਮ ਕਰ ਸਕਦਾ ਹੈ। ਪ੍ਰਭੂ ਦਾ ਆਧੁਨਿਕ ਕਲੀਸੀਆ ਵਿੱਚ ਪ੍ਰਾਰਥਨਾ ਦਾ ਉੱਤਰ ਦੇਣਾ ਜਿਵੇਂ ਕਿ ਪਹਿਲੀ ਸਦੀ ਦੀ ਕਲੀਸੀਆ ਵਿੱਚ ਉਹ ਉੱਤਰ ਦਿੰਦਾ ਸੀ, ਪਰਮੇਸ਼ੁਰ ਦੇ ਕੰਮ ਦੇ ਨਤੀਜੇ ਵਜੋਂ ਇੱਕ ਅਲੌਕਿਕ ਕਾਰਜ ਹੈ। ਆਧੁਨਿਕ ਮਸੀਹੀ ਲੋਕਾਂ ਦੀਆਂ ਪ੍ਰਾਰਥਨਾਵਾਂ ਦੇ ਪ੍ਰਤੀ ਪਰਮੇਸ਼ੁਰ ਦੇ ਉੱਤਰ ਅਤੇ ਉਹ ਜਿਨ੍ਹਾਂ ਦੇ ਕੋਲ ਪਹਿਲੀ ਸਦੀ ਦੀ ਕਲੀਸੀਆ ਵਿੱਚ ਅਲੌਕਿਕ ਦਾਤਾਂ ਸਨ ਵਿਚਕਾਰ ਫ਼ਰਕ ਇਹ ਹੈ ਕਿ

ਪਹਿਲੀ ਸਦੀ ਦੀ ਕਲੀਸੀਆ ਦੇ ਲੋਕਾਂ ਨੇ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਆਪਣੇ ਵਿਵੇਕ ਦੇ ਅਨੁਸਾਰ ਕੀਤਾ ਸੀ। ਇਸ ਤਰ੍ਹਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਰੱਬੀ ਵਿਸ਼ੇਸ਼ ਅਧਿਕਾਰ ਦਿੱਤੇ ਸਨ ਤਾਂ ਕਿ ਉਹ ਆਪਣੀਆਂ ਦਾਤਾਂ ਨੂੰ ਉਨ੍ਹਾਂ ਦੀ ਇੱਛਾ ਦੇ ਅਨੁਸਾਰ ਇਸਤੇਮਾਲ ਕਰ ਸਕਦੇ। ਇਸ ਭਾਵ ਵਿੱਚ ਅਲੌਕਿਕ ਦਾਤਾਂ ਬੰਦ ਹੋ ਗਈਆਂ; ਹੁਣ ਤੋਂ ਵਿਅਕਤੀਆਂ ਕੋਲ ਪਰਮੇਸ਼ੁਰ ਦੀ ਸ਼ਕਤੀ ਤੇ ਧਿਆਨ ਕਰਨ ਅਤੇ ਉਨ੍ਹਾਂ ਦੇ ਵਿਵੇਕ ਅਨੁਸਾਰ ਚਮਤਕਾਰੀ ਕੰਮ ਕਰਨ ਦਾ ਇਖ਼ਤਿਆਰ ਨਹੀਂ ਸੀ। ਸਗੋਂ ਪਹਿਲੀ ਸਦੀ ਦੀ ਕਲੀਸੀਆ ਵਿੱਚ ਵੀ, ਉਹ ਵਿਅਕਤੀ ਜਿਨ੍ਹਾਂ ਦੇ ਕੋਲ ਆਤਮਿਕ ਦਾਤਾਂ ਸਨ ਹਮੇਸ਼ਾ ਪਰਮੇਸ਼ੁਰ ਦੇ ਅਧੀਨ ਰਹਿੰਦੇ ਸਨ। ਜੇਕਰ ਉਹ ਕੋਈ ਅਜਿਹਾ ਚਮਤਕਾਰੀ ਚਿੰਨ੍ਹ ਵਿਖਾਉਣ ਦੀ ਕੋਸ਼ਿਸ਼ ਕਰਦੇ ਜੋ ਪਰਮੇਸ਼ੁਰ ਦੀ ਇੱਛਾ ਦੇ ਵਿਰੋਧ ਵਿੱਚ ਹੁੰਦਾ ਸੀ ਤਾਂ ਪਰਮੇਸ਼ੁਰ ਨੂੰ ਜਿਵੇਂ ਚੰਗਾ ਲੱਗਦਾ ਸੀ ਦਖ਼ਲਅੰਦਾਜ਼ੀ ਕਰਦਾ ਸੀ।

ਕੁਰਿੰਥੁਸ ਦੇ ਲੋਕਾਂ ਦੇ ਲਈ ਇਹ ਜਾਣਨਾ ਜ਼ਰੂਰੀ ਸੀ ਕਿ ਹਰੇਕ ਮਸੀਹੀ ਵਿਅਕਤੀ ਨੂੰ ਆਤਮਾ ਦੁਆਰਾ ਦਾਤਾਂ (*ਚੈਰਿਸਮਾਟਾ*) ਨਹੀਂ ਸੀ ਦਿੱਤੀਆਂ ਗਈਆਂ ਜਿਨ੍ਹਾਂ ਨਾਲ ਉਹ ਚਮਤਕਾਰ ਕਰ ਸਕਦੇ। **ਇੱਕੋ ਆਤਮਾ** ਦਾ ਕੰਮ ਉਨ੍ਹਾਂ ਵਿੱਚ ਵੱਖ-ਵੱਖ ਤਰੀਕਿਆਂ ਨਾਲ ਪਰਗਟ ਕੀਤਾ ਗਿਆ ਸੀ ਜਿਨ੍ਹਾਂ ਨੂੰ ਚਮਤਕਾਰੀ ਢੰਗ ਨਾਲ ਦਾਨ ਮਿਲਿਆ ਸੀ। ਹਰੇਕ ਮਸੀਹੀ ਵਿਅਕਤੀ ਨੂੰ ਦੂਜਿਆਂ ਦੀਆਂ ਦਾਤਾਂ ਦਾ ਆਦਰ ਕਰਨ ਅਤੇ ਕਿਸੇ ਵੀ ਚੀਜ਼ ਵਿੱਚ ਅਨੰਦ ਲੱਭਣ ਦੀ ਲੋੜ ਹੈ ਜੋ ਸਰੀਰ ਦੇ ਲਈ ਨਿਹਚਾ ਅਤੇ ਉੱਨਤੀ ਲੈ ਕੇ ਆਈ ਹੈ। "ਇੱਕੋ ਆਤਮਾ" ਨੇ ਕੁਰਿੰਥੁਸ ਦੇ ਸਾਰੇ ਲੋਕਾਂ ਨੂੰ ਬਿਨਾਂ ਇਸ ਦੀ ਪਰਵਾਹ ਕੀਤੇ ਕਿ ਵਿਅਕਤੀਗਤ ਦਾਤਾਂ ਦਾ ਕੀ ਸੁਭਾਅ ਹੈ, ਇੱਕੋ ਸਰੀਰ ਵਿੱਚ ਜੋੜਿਆ ਸੀ। ਪੌਲੁਸ ਉਨ੍ਹਾਂ ਨੂੰ ਚਿਤਾਵਨੀ ਦੇ ਰਿਹਾ ਸੀ ਜਿਨ੍ਹਾਂ ਦੇ ਕੋਲ ਆਤਮਿਕ ਦਾਤਾਂ ਸਨ। ਇਹ ਮਸੀਹੀ ਲੋਕ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਦਾਨ ਮਿਲਿਆ ਹੋਇਆ ਸੀ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਉਨ੍ਹਾਂ ਦੀਆਂ ਦਾਤਾਂ ਅਤੇ ਉਨ੍ਹਾਂ ਨੂੰ ਵੱਸ ਵਿੱਚ ਕਰਨ ਦੀ ਉਨ੍ਹਾਂ ਦੀ ਯੋਗਤਾ ਤੋਂ ਜਾਣੂ ਸਨ। ਪੌਲੁਸ ਨੇ ਇਸ ਦੇ ਸੰਬੰਧੀ ਕਿ ਕਿਸ ਦੇ ਕੋਲ ਉੱਤਮ ਦਾਤਾਂ ਹਨ ਬਾਰੇ ਮੁਕਾਬਲੇਬਾਜ਼ੀ ਤੇ ਰੋਕਥਾਮ ਲਗਾਉਣਾ ਜ਼ਰੂਰੀ ਸਮਝਿਆ।

**ਆਇਤਾਂ 5, 6.** "ਸੇਵਾ" (διακονία, *ਡਾਇਕੋਨੀਆ*) ਉਨ੍ਹਾਂ ਸਭਨਾਂ ਦਾਤਾਂ ਦਾ ਬਿੰਦੂ ਸੀ ਜੋ ਆਤਮਾ ਦੁਆਰਾ ਦਿੱਤੀਆਂ ਗਈਆਂ ਸਨ ਕਿਉਂਕਿ ਪ੍ਰਭੂ ਸਾਰੀ ਭਲਾਈ ਦਾ ਸ੍ਰੋਤ ਹੈ। ਪੌਲੁਸ ਨੇ ਕਿਹਾ ਕਿ ਕੁਰਿੰਥੁਸ ਦੇ ਲੋਕਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਹੈ ਕਿ **ਸੇਵਾਂ ਅਨੇਕ ਪਰਕਾਰ ਦੀਆਂ** ਹੋਣਗੀਆਂ ਅਤੇ ਇਸ ਲਈ **ਇੱਕੋ ਪ੍ਰਭੂ** ਦੁਆਰਾ ਵੱਖ-ਵੱਖ ਦਾਤਾਂ ਦਿੱਤੀਆਂ ਗਈਆਂ ਹਨ। ਭਰਾ ਅਨੇਕ ਪਰਕਾਰ ਦੀਆਂ ਦਾਤਾਂ ਨੂੰ ਵੇਖ ਸਕਦੇ ਸਨ ਅਤੇ ਉਨ੍ਹਾਂ ਨੂੰ ਅਨੇਕ ਪਰਕਾਰ ਦੀਆਂ "ਸੇਵਾਂ" ਨਾਲ ਜੋੜ ਸਕਦੇ ਸਨ ਜੋ ਪ੍ਰਭੂ ਦੁਆਰਾ ਆਪਣੇ ਦਾਸਾਂ ਨੂੰ ਦਿੱਤੀਆਂ ਗਈਆਂ ਸਨ। ਉਦਾਹਰਣ ਦੇ ਲਈ, ਕੁਝ ਰਸੂਲ, ਕੁਝ ਐਲਡਰ, ਕੁਝ ਡੀਕਨ ਅਤੇ ਕੁਝ ਖੁਸ਼ਖ਼ਬਰੀ ਪਰਚਾਰਕ ਸਨ (ਵੇਖੋ 12:29; ਅਫ਼ਸੀਆਂ 4:11)। ਸੇਵਾ ਦੇ ਲਈ ਤਿਆਰੀ ਨਤੀਜਾ ਸੀ ਜਦੋਂ ਪਰਮੇਸ਼ੁਰ ਨੇ ਆਤਮਾ ਦੀਆਂ ਅਨੇਕ ਪਰਕਾਰ ਦੀਆਂ ਦਾਤਾਂ ਵੰਡੀਆਂ ਸਨ। ਇਸ ਤਰਾਂ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਕੁਰਿੰਥੁਸ ਦੇ ਲੋਕਾਂ ਅੱਗੇ "ਆਮ ਸਮਝ" ਦੀ ਗੁਹਾਰ ਲਗਾ ਰਿਹਾ ਹੈ। ਕਿਉਂਕਿ ਲੋਕ ਵੱਖ-ਵੱਖ ਤਰ੍ਹਾਂ ਦੇ ਹਨ, ਆਤਮਾ ਨੇ ਹਰੇਕ ਨੂੰ ਉਨ੍ਹਾਂ ਦੇ ਅਨੁਸਾਰ ਉਚਿਤ ਦਾਤ ਦਿੱਤੀ ਹੈ।

"ਇੱਕੋ ਆਤਮਾ," "ਇੱਕੋ ਪ੍ਰਭੂ" ਯਿਸੂ ਅਤੇ **ਇੱਕੋ ਪਰਮੇਸ਼ੁਰ** ਮਸੀਹੀ ਲੋਕਾਂ ਵਿੱਚ "ਅਨੇਕ

ਪਰਕਾਰ ਦੀਆਂ ਦਾਤਾਂ," "ਅਨੇਕ ਪਰਕਾਰ ਦੀਆਂ ਸੇਵਾਂ" ਅਤੇ **ਅਨੇਕ ਪਰਕਾਰ ਦੇ ਅਸਰ** ਲੈ ਕੇ ਆਉਂਦਾ ਹੈ (12:4-6)। KJV ਬਾਈਬਲ ਵਿੱਚ 12:6 ਆਇਤ "ਅਨੇਕ ਪਰਕਾਰ ਦੇ ਅਸਰ" ਦੀ ਥਾਂ ਤੇ "ਅਨੇਕ ਪਰਕਾਰ ਦੇ ਕਾਰਜ" ਦਾ ਹਵਾਲਾ ਦਿੰਦੀ ਹੈ। CEV ਬਾਈਬਲ ਸਰਲ ਵਿੱਚ ਇਹ ਕਹਿੰਦੀ ਹੈ, "ਅਤੇ ਅਸੀਂ ਸਾਰੇ ਵੱਖ-ਵੱਖ ਤਰ੍ਹਾਂ ਦੇ ਕੰਮ ਕਰ ਸਕਦੇ ਹਾਂ। ਫਿਰ ਵੀ ਇੱਕੋ ਪਰਮੇਸ਼ੁਰ ਸਾਡੇ ਸਾਰਿਆਂ ਵਿੱਚ ਕੰਮ ਕਰਦਾ ਹੈ ਅਤੇ ਜੋ ਅਸੀਂ ਕੁਝ ਵੀ ਕਰਦੇ ਹਾਂ ਉਸ ਵਿੱਚ ਸਾਡੀ ਮਦਦ ਕਰਦਾ ਹੈ।" ਕਿਸੇ ਵਿੱਚ ਆਤਮਿਕ ਦਾਤ ਦਾ ਹੋਣਾ ਇਸ ਗੱਲ ਦਾ ਚਿੰਨ੍ਹ ਨਹੀਂ ਸੀ ਕਿ ਉਹ ਵਿਅਕਤੀ ਕਿਸੇ ਆਤਮਿਕ ਜਹਾਜ਼ ਵਿੱਚ ਬੈਠ ਕੇ ਉਚਾਈਆਂ ਵਿੱਚ ਰਹਿੰਦਾ ਹੈ ਜਾਂ ਉਸ ਤੇ ਪਰਮੇਸ਼ੁਰ ਦੀ ਕੋਈ ਖ਼ਾਸ ਕਿਰਪਾ ਹੋਈ ਹੈ। ਆਤਮਿਕ ਦਾਤਾਂ ਕਲੀਸੀਆ ਦੀ ਉੱਨਤੀ ਦੇ ਲਈ ਸਨ, ਨਾ ਕਿ ਵਿਅਕਤੀਆਂ ਦੁਆਰਾ ਸ਼ੇਖੀ ਮਾਰਨ ਦੇ ਲਈ। ਪਰਮੇਸ਼ੁਰ, ਮਸੀਹ ਅਤੇ ਆਤਮਾ ਦੇ ਪ੍ਰਤੀ ਅਜਿਹੇ ਸਭਨਾਂ ਕਾਰਜਾਂ ਦਾ ਕਾਰਣ ਦੱਸਣ ਦੇ ਦੁਆਰਾ, ਪੌਲੁਸ ਨੇ ਪਰਮੇਸ਼ੁਰਤਵ ਦੀ ਏਕਤਾ ਦੀ ਪੁਸ਼ਟੀ ਕੀਤੀ ਸੀ। ਪਰਮੇਸ਼ੁਰ, ਯਿਸੂ ਅਤੇ ਪਵਿੱਤਰ ਆਤਮਾ ਦੇ ਕੰਮ ਇੱਕ ਦੂਸਰੇ ਨਾਲ ਲਿਪਟੇ ਹੋਏ ਹਨ। ਜਦਕਿ "ਤ੍ਰੀਏਕਤਾ" ਸ਼ਬਦ ਨਹੀਂ ਆਉਂਦਾ, ਪਰਮੇਸ਼ੁਰਤਵ ਦੀ ਇਸ ਏਕਤਾ ਦੀ ਧਾਰਣਾ ਪੂਰੇ ਨਵੇਂ ਨੇਮ ਵਿੱਚ ਵੇਖੀ ਗਈ ਹੈ।

ਪੌਲੁਸ ਦੀ ਚਿੰਤਾ ਇਹ ਸੀ ਕਿ ਮਸੀਹੀ ਲੋਕ ਇੱਕ ਦੂਜੇ ਦਾ ਸਮਰਥਨ ਕਰਨ ਅਤੇ ਇੱਕ ਦੂਜੇ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਸਰੀਰ ਵਿੱਚ ਰਲ ਕੇ ਬੱਝੇ ਰਹਿਣ। ਆਤਮਿਕ ਦਾਤਾਂ ਨੇ, ਦੂਜੀਆਂ ਚੀਜ਼ਾਂ ਵਿੱਚ, ਮਸੀਹ ਦੀ ਕਲੀਸੀਆ ਦੀ ਏਕਤਾ ਦਾ ਸਮਰਥਨ ਕਰਨਾ ਸੀ। ਕੋਈ ਵੀ ਮਸੀਹੀ ਵਿਅਕਤੀ ਜਿਸ ਨੇ ਆਤਮਿਕ ਦਾਤ ਨੂੰ ਪਰਮੇਸ਼ੁਰ ਦੀ ਖ਼ਾਸ ਕਿਰਪਾ ਦਾ ਇੱਕ ਸੰਕੇਤ ਸਮਝਿਆ ਸੀ ਉਸ ਨੂੰ ਦੂਜਿਆਂ ਤੇ ਪਰਮੇਸ਼ੁਰ ਦੀ ਕਿਰਪਾ ਨੂੰ ਸਵੀਕਾਰ ਕਰਨਾ ਪੈਣਾ ਸੀ, ਭਾਵੇਂ ਕਿ ਪਰਮੇਸ਼ੁਰ ਨੇ ਉਨ੍ਹਾਂ ਦੂਜਿਆਂ ਨੂੰ ਜਿਨ੍ਹਾਂ ਦੇ ਕੋਲ ਕੁਝ ਵੀ ਅਨੋਖਾ ਕਰਨ ਦੀ ਸ਼ਕਤੀ ਸੀ ਬਰਕਤ ਦਿੱਤੀ ਸੀ ਜਾਂ ਨਹੀਂ। ਪਰਮੇਸ਼ੁਰ ਦੀ ਕਿਰਪਾ ਹਰੇਕ ਵਿਸ਼ਵਾਸੀ ਤੇ ਨਿਰਭਰ ਕਰਦੀ ਹੈ।

**ਆਇਤ 7.** ਆਤਮਾ ਦੀਆਂ ਦਾਤਾਂ, ਪੌਲੁਸ ਨੇ ਕਿਹਾ, **ਸਭਨਾਂ ਦੇ ਲਾਭ ਲਈ** ਸਨ। REB ਬਾਈਬਲ ਵਿੱਚ "ਕਿਸੇ ਉਪਯੋਗੀ ਉਦੇਸ਼ ਲਈ" ਹੈ। ਪਰਮੇਸ਼ੁਰ ਨੇ **ਆਤਮਾ ਦਾ ਪਰਕਾਸ਼**, ਅਰਥਾਤ, ਆਤਮਿਕ ਦਾਤਾਂ, ਉਨ੍ਹਾਂ ਵਿਅਕਤੀਆਂ ਦੀ ਵਡਿਆਈ ਲਈ ਨਹੀਂ ਸੀ ਦਿੱਤੀਆਂ ਜਿਨ੍ਹਾਂ ਨੇ ਉਨ੍ਹਾਂ ਦਾਤਾਂ ਦਾ ਇਸਤੇਮਾਲ ਕੀਤਾ ਸੀ। ਭਰਾਵਾਂ ਵਿੱਚ ਵਿਰੋਧ ਅਤੇ ਝਗੜੇ ਦੇ ਲਈ ਮੌਕਾ ਦੇਣ ਤੋਂ ਪਰੇ, ਆਤਮਾ ਦੀਆਂ ਦਾਤਾਂ ਸਭਨਾਂ ਦੇ ਲਾਭ ਲਈ ਸਨ। ਇਕਾਂਤ ਹੋਣ ਅਤੇ ਇਕਾਂਤ ਅਨੁਭਵ ਦੀ ਬਜਾਇ, ਪਵਿੱਤਰ ਆਤਮਾ ਦੇ ਕੰਮ ਨੇ ਵਿਸ਼ਵਾਸੀਆਂ ਨੂੰ ਇੱਕ ਦੂਜੇ ਨਾਲ ਜੋੜਨਾ ਸੀ ਅਤੇ ਸਰੀਰ ਨੂੰ ਮਜ਼ਬੂਤ ਬਣਾਉਣਾ ਸੀ। ਪੌਲੁਸ ਬੜੇ ਧਿਆਨ ਨਾਲ ਆਪਣੀ ਚਰਚਾ ਨੂੰ ਇੱਕ ਨਵੀਂ ਦਿਸ਼ਾ ਦੇ ਰਿਹਾ ਸੀ। "ਹੁਣ ਆਤਮਿਕ ਦਾਨਾਂ ਦੇ ਵਿਖੇ" ਦੀ ਬਜਾਇ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਇਹ ਸੋਚ ਰਿਹਾ ਸੀ ਕਿ "ਹੁਣ ਸਭਨਾਂ ਦੇ ਲਾਭ ਦੇ ਵਿਖੇ," ਜਾਂ "ਹੁਣ ਸਰੀਰ ਦੀ ਏਕਤਾ ਦੇ ਵਿਖੇ।" ਆਤਮਿਕ ਦਾਤਾਂ ਪਾਉਣ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਕੁਰਿੰਥੁਸ ਦੇ ਲੋਕਾਂ ਦਾ ਰਵੱਈਆ ਮੰਡਲੀ ਦੀ ਫੁੱਟ ਦੀ ਬੁਨਿਆਈ ਸਮੱਸਿਆ ਦਾ ਸੂਚਕ ਸੀ। ਦਾਤਾਂ ਦਾ ਵਰਣਨ ਉਨ੍ਹਾਂ ਫੋਟਕਾਂ ਦੀ ਸੀਮਾ ਦੀ ਸਮਝ ਪ੍ਰਦਾਨ ਕਰਦਾ ਹੈ ਜੋ ਕੁਰਿੰਥੁਸ ਦੀ ਕਲੀਸੀਆ ਵਿੱਚ ਸਨ। ਹਰੇਕ ਧਿਆਨ ਦੇਣ ਲਾਇਕ ਹੈ।

**ਆਇਤ 8.** ਰਸੂਲ ਨੇ ਆਤਮਾ ਦੀਆਂ ਖ਼ਾਸ ਦਾਤਾਂ ਨੂੰ ਇੱਕ-ਇੱਕ ਕਰਕੇ ਦੱਸਣ ਦੁਆਰਾ, 12:7 ਵਿੱਚ "ਆਤਮਾ ਦੇ ਪਰਕਾਸ਼" ਦੇ ਆਪਣੇ ਹਵਾਲੇ ਨੂੰ ਵਿਸਤਾਰ ਦਿੰਦੇ ਹੋਏ ਆਪਣੇ ਉਪਦੇਸ਼ਾਂ ਨੂੰ ਕੇਂਦਰ ਬਿੰਦੂ ਵਿੱਚ ਲਿਆਂਦਾ। ਉਸ ਨੇ ਸ਼ਾਨਦਾਰ ਦਾਤਾਂ ਦੁਆਰਾ ਸ਼ੁਰੂਆਤ ਨਹੀਂ ਸੀ ਕੀਤੀ ਜਿਨ੍ਹਾਂ ਦਾ ਕੁਰਿੰਥੁਸ ਦੇ ਲੋਕ ਬਹੁਤ ਸਨਮਾਨ ਕਰਦੇ ਸਨ ਅਤੇ ਜਿਨ੍ਹਾਂ ਦੇ ਲਈ ਉਹ ਆਪਸ ਵਿੱਚ ਮੁਕਾਬਲਾ ਕਰਦੇ ਸਨ। ਬਲਕਿ, ਪੌਲੁਸ ਨੇ ਸਧਾਰਣ ਦਾਤਾਂ ਦੇ ਨਾਲ ਸ਼ੁਰੂਆਤ ਕੀਤੀ ਸੀ ਜੋ ਸਰੀਰ ਅਰਥਾਤ ਕਲੀਸੀਆ ਦੀ ਤੰਦਰੁਸਤੀ ਦੇ ਲਈ ਬਹੁਤ ਮਹੱਤਵਪੂਰਣ ਸਨ। ਇਹ ਆਤਮਾ ਸੀ ਜਿਹੜਾ ਉਨ੍ਹਾਂ ਦੇ ਵਿੱਚ ਕੰਮ ਕਰ ਰਿਹਾ ਸੀ ਜਿਸ ਨੇ ਕਲੀਸੀਆ ਵਿੱਚ ਕਈਆਂ ਨੂੰ **ਆਤਮਾ ਦੇ ਰਾਹੀਂ ਗਿਆਨ** ਅਤੇ ਕਈਆਂ ਨੂੰ **ਆਤਮਾ ਦੇ ਅਨੁਸਾਰ ਵਿੱਦਿਆ ਦੀ ਗੱਲ** ਦਿੱਤੀ ਸੀ। ਇਹ "ਆਤਮਾ ਦਾ [ਦੇ] ਪਰਕਾਸ਼ ਸਭਨਾਂ ਦੇ ਲਾਭ ਲਈ" ਸਨ; ਪਰ ਘੱਟ ਸ਼ਾਨਦਾਰ ਦਾਤਾਂ ਹੋਣ ਦੇ ਨਾਤੇ, ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਵਿੱਚ ਜਿਨ੍ਹਾਂ ਕੋਲ ਇਹ ਦਾਤਾਂ ਸਨ ਜਾਂ ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰਦਰਸ਼ਿਤ ਹੁੰਦੇ ਵੇਖਿਆ ਘੱਟ ਹਲਚਲ ਪੈਦਾ ਕੀਤੀ।

ਇਹ ਜਾਣਨਾ ਮਦਦਗਾਰ ਹੋਵੇਗਾ ਕਿ ਵਿੱਦਿਆ ਦੀ ਗੱਲ ਦੀ ਦਾਤਾ ਦੇ ਸੰਬੰਧ ਵਿੱਚ ਪੌਲੁਸ ਦਾ ਗਿਆਨ ਦੀ ਗੱਲ ਤੋਂ ਕੀ ਭਾਵ ਸੀ। ਸ਼ਾਇਦ ਗਿਆਨ "ਵਿੱਦਿਆ ਦੀਆਂ ਉਲਝਣਾਂ ਨੂੰ ਵੇਖਣ ਦੇ ਲਈ ਪ੍ਰੇਰਣਾ ਪ੍ਰਾਪਤ ਯੋਗਤਾ ਹੈ ਜੋ ਅਗੰਮ ਵਾਕ ਦੀ ਦਾਤ ਜਾਂ ਵਿੱਦਿਆ ਦੀ ਗੱਲ ਰਾਹੀਂ ਪਰਗਟ ਹੋਈ ਸੀ," ਅਰਥਾਤ "ਦੂਜਿਆਂ ਨੂੰ ਇਹ ਸਿਖਾਉਣ ਦੀ ਯੋਗਤਾ ਕਿ ਪਰਮੇਸ਼ੁਰ ਦੀ ਵੱਲੋਂ ਦਿੱਤੇ ਗਏ ਵਚਨ ਨੂੰ ਵਿਅਕਤੀਗਤ ਜੀਵਨਾਂ ਅਤੇ ਮੰਡਲੀਆਂ ਤੇ ਕਿਵੇਂ ਲਾਗੂ ਕਰਨਾ ਹੈ।"[5] ਜੋ ਸਪੱਸ਼ਟ ਹੈ ਉਹ ਇਹ ਹੈ ਕਿ ਗਿਆਨ ਅਤੇ ਵਿੱਦਿਆ ਜਿਨ੍ਹਾਂ ਦੀ ਇੱਥੇ ਗੱਲ ਕੀਤੀ ਗਈ ਹੈ ਉਨ੍ਹਾਂ ਨੂੰ ਮਨੁੱਖਾਂ ਦੇ ਗਿਆਨ ਨਾਲ ਨਹੀਂ ਉਲਝਾਉਣਾ ਸੀ। ਇਸ ਯੁੱਗ ਦੇ ਗਿਆਨ ਦਾ ਆਤਮਾ ਦੀਆਂ ਦਾਤਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਪੌਲੁਸ ਨੇ ਗਿਆਨ ਅਤੇ ਵਿੱਦਿਆ ਦਾ ਆਤਮਾ ਦੇ ਚਮਤਕਾਰੀ ਪਰਕਾਸ਼ਾਂ ਵੱਲੋਂ ਕੁਦਰਤੀ ਦਾਨਾਂ ਤੇ ਰੂਪ ਵਿੱਚ ਫ਼ਰਕ ਨਹੀਂ ਸੀ ਦੱਸਿਆ। ਬਿਨਾਂ ਸ਼ੱਕ, ਕੁਰਿੰਥੁਸ ਦੇ ਵਿਸ਼ਵਾਸੀਆਂ ਵਿਚਕਾਰ ਮੱਤਭੇਦ ਸਪੱਸ਼ਟ ਸਨ। ਨਹੀਂ ਤਾਂ, ਪੌਲੁਸ ਨੂੰ ਉਨ੍ਹਾਂ ਨੂੰ ਸੰਬੋਧਿਤ ਕਰਨ ਦੀ ਕੋਈ ਲੋੜ ਨਹੀਂ ਸੀ ਪੈਣੀ। ਸਾਨੂੰ ਆਤਮਾ ਦੁਆਰਾ ਅਲੌਕਿਕ ਗਿਆਨ ਜਾਂ ਆਤਮਾ ਦੀ ਹੋਰ ਕੋਈ ਦਾਤ ਨੂੰ ਦੇਣ ਲਈ ਵਰਤੇ ਗਏ ਮਾਪਦੰਡ ਦਾ ਕੋਈ ਸੰਕੇਤ ਨਹੀਂ ਮਿਲਦਾ। ਕੀ ਪੌਲੁਸ ਨੇ, ਉਸ ਦੇ ਆਪਣੇ ਰਸੂਲਪੁਣੇ ਦੇ ਇਖ਼ਤਿਆਰ ਨਾਲ, ਕੁਝ ਵਿਅਕਤੀਆਂ ਤੇ ਹੱਥ ਰੱਖੇ ਸਨ ਅਤੇ ਉਨ੍ਹਾਂ ਨੂੰ ਕਲੀਸੀਆ ਦੀ ਸੇਵਾ ਕਰਨ ਦੀ ਆਗਿਆ ਦਿੱਤੀ ਸੀ ਜਿਵੇਂ ਪਤਰਸ ਅਤੇ ਯੂਹੰਨਾ ਨੇ ਸਾਮਰੀਆਂ ਵਿੱਚ ਕੀਤਾ ਸੀ (ਰਸੂਲਾਂ ਦੇ ਕਰਤੱਬ 8:14-18)? ਜੇਕਰ ਇਸ ਸਮੇਂ ਰਸੂਲਾਂ ਨੇ ਆਪਣੇ ਹੱਥਾਂ ਨੂੰ ਉਨ੍ਹਾਂ ਤੇ ਰੱਖਣ ਦੁਆਰਾ ਚਮਤਕਾਰੀ ਦਾਤਾਂ ਨਹੀਂ ਸੀ ਦਿੱਤੀਆਂ, ਤਾਂ ਕੋਈ ਵੀ ਇਹ ਸਿੱਟਾ ਕੱਢਣ ਲਈ ਮਜ਼ਬੂਰ ਪ੍ਰਤੀਤ ਹੁੰਦਾ ਹੈ ਕਿ ਆਤਮਾ ਨੇ ਬਿਨਾਂ ਸੋਚੇ ਸਮਝੇ ਦਾਤਾਂ ਦੇ ਲਈ ਰਹੱਸਮਈ ਸ੍ਰੋਤਾਂ ਰਾਹੀਂ ਜੋ ਉਸ ਨੂੰ ਪਸੰਦ ਲੱਗੇ ਵਿਸ਼ਵਾਸੀਆਂ ਨੂੰ ਚੁਣਿਆ। ਅਜਿਹੀ ਹਾਲਤ ਵਿੱਚ, ਵਿਸ਼ਵਾਸੀ ਇੱਕ ਸਵੇਰ ਨੂੰ ਜਦੋਂ ਜਾਗੇ ਹੋਣਗੇ ਤਾਂ ਉਨ੍ਹਾਂ ਨੂੰ ਇਹ ਪਤਾ ਲੱਗਾ ਹੋਵੇਗਾ ਕਿ ਉਨ੍ਹਾਂ ਨੂੰ ਅਨੋਖੀਆਂ ਯੋਗਤਾਵਾਂ ਮਿਲੀਆਂ ਸਨ ਜਿਨ੍ਹਾਂ ਨੂੰ ਉਹ ਨਹੀਂ ਸਮਝੇ ਅਤੇ ਜਿਨ੍ਹਾਂ ਦੇ ਲਈ ਉਨ੍ਹਾਂ ਨੇ ਕੋਈ ਬੇਨਤੀ ਨਹੀਂ ਸੀ ਕੀਤੀ। ਫਿਰ ਵੀ, ਅੱਗੇ ਜਾ ਕੇ ਤਰਕ ਕਰਨ ਦੇ ਲਈ ਪੌਲੁਸ ਦੀ ਅਪੀਲ ਅਤੇ ਤਰਤੀਬ (1 ਕੁਰਿੰਥੀਆਂ 14:40) ਇਹ ਇਸ਼ਾਰਾ ਕਰਦੀ ਹੈ ਕਿ ਆਤਮਾ ਦੀਆਂ ਦਾਤਾਂ

ਕੁਰਿੰਥੁਸ ਦੇ ਲਈ ਰਸੂਲੀ ਨਿਯੁਕਤੀ ਦੇ ਵਸੀਲਿਆਂ ਰਾਹੀਂ ਆਈਆਂ ਸਨ।

**ਆਇਤ 9.** ਗਿਆਨ ਅਤੇ ਵਿੱਦਿਆ, **ਨਿਹਚਾ** ਇੱਕ ਸੁਭਾਵਕ ਦਾਨ ਸੀ ਜਿਸ ਦੀ ਹਰੇਕ ਮਸੀਹੀ ਵਿਅਕਤੀ ਤੋਂ ਉਮੀਦ ਕੀਤੀ ਜਾਂਦੀ ਸੀ। ਫਿਰ ਵੀ, ਇੱਥੇ "ਨਿਹਚਾ" ਜੋ ਕਿ ਵਿਵਾਦ ਦਾ ਵਿਸ਼ਾ ਹੈ, ਪਹਿਲਾਂ ਤੋਂ ਹੀ ਜ਼ਿਕਰ ਕੀਤੇ ਗਏ ਗਿਆਨ ਅਤੇ ਵਿੱਦਿਆ ਦੇ ਵਾਂਗ, **ਇੱਕੋ ਆਤਮਾ ਦੁਆਰਾ** ਦਿੱਤੀ ਜਾਣ ਵਾਲੀ ਇੱਕ ਖ਼ਾਸ ਦਾਤ ਸੀ। ਸ਼ਾਇਦ ਨਿਹਚਾ ਵਿੱਚ ਚਮਤਕਾਰੀ ਤੱਤ ਇੱਕ "ਆਤਮਿਕ ਦਾਤ" ਦੇ ਰੂਪ ਵਿੱਚ ਅਜ਼ਮਾਇਸ਼ਾਂ ਦਾ ਸਾਹਮਣਾ ਕਰਨ ਜਾਂ ਮਸੀਹੀ ਡਾਕਟ੍ਰਿਨ ਦੀਆਂ ਅਨੋਖੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਯੋਗਤਾ ਸ਼ਾਮਲ ਸੀ। ਨਿਹਚਾ ਦੀ ਚਮਤਕਾਰੀ ਮਾਤਰਾ ਨੇ ਵਿਸ਼ਵਾਸੀਆਂ ਦੀ ਮਦਦ ਕੀਤੀ ਹੋਵੇਗੀ, ਉਦਾਹਰਣ ਦੇ ਲਈ, ਜਦੋਂ ਉਨ੍ਹਾਂ ਨੇ ਯੂਨਾਨੀ ਫਿਲਾਸਫਰਾਂ ਦਾ ਖੰਡਣ ਕੀਤਾ ਸੀ। ਅੱਜ ਇੱਕ ਮਸੀਹੀ ਵਿਅਕਤੀ ਇਸ ਬਾਰੇ ਨਿਸ਼ਚਤ ਨਹੀਂ ਹੋ ਸਕਦਾ ਕਿ ਉਹ ਆਤਮਾ ਦੁਆਰਾ ਦਿੱਤੀ ਨਿਹਚਾ ਦੇ ਸੁਭਾਅ ਬਾਰੇ ਬਹੁਤ ਕੁਝ ਜਾਣਦਾ ਜਾਂ ਜਾਣਦੀ ਹੈ ਜਦੋਂ ਇਸ ਦੀ ਤੁਲਨਾ ਸਧਾਰਣ ਨਿਹਚਾ ਨਾਲ ਕੀਤੀ ਜਾਂਦੀ ਹੈ ਜੋ ਮਸੀਹੀ ਇਕਰਾਰ ਦੇ ਲਈ ਮੂਲ ਹੈ। ਫਿਰ ਵੀ, ਕਿਉਂਕਿ ਵਿਵਾਦ ਵਿੱਚ ਨਿਹਚਾ ਕੁਰਿੰਥੁਸ ਦੀ ਕਲੀਸੀਆ ਵਿੱਚ ਆਤਮਾ ਦਾ ਇੱਕ ਖ਼ਾਸ ਦਾਨ ਸੀ, ਅਸੀਂ ਇਹ ਨਿਸ਼ਚਤ ਹੋ ਸਕਦੇ ਹਾਂ ਕਿ ਇਹ ਇੱਕ ਚਮਤਕਾਰੀ ਦਾਤ ਸੀ।

ਆਤਮਾ ਦੇ ਘੱਟ ਅਨੋਖੇ ਪਰਕਾਸ਼ਾਂ ਦਾ ਵਰਣਨ ਕਰਨ ਤੋਂ ਬਾਅਦ ਦਾਤਾਂ ਜੋ ਸੰਭਵ ਤੌਰ ਤੇ ਇੱਕ ਵਿਅਕਤੀ ਦੇ ਉਸ ਦੀਆਂ ਆਪਣੀਆਂ ਵਜੋਂ ਦਾਅਵਾ ਕਰਨ ਦੀ ਈਰਖਾ ਵਾਲੀ ਇੱਛਾ ਨਾਲ ਅੱਗੇ ਵਧਿਆ ਪੌਲੁਸ ਉਨ੍ਹਾਂ ਦਾਤਾਂ ਦੀ ਵੱਲ ਅੱਗੇ ਵਧਿਆ ਜਿਨ੍ਹਾਂ ਦੇ ਲਈ ਕੁਰਿੰਥੁਸ ਦੇ ਲੋਕ ਮੁਕਾਬਲਾ ਕਰ ਰਹੇ ਸਨ। **ਨਰੋਇਆਂ ਕਰਨ ਦੀਆਂ ਦਾਤਾਂ** ਤੇ ਨਿਹਚਾ, ਗਿਆਨ ਅਤੇ ਵਿੱਦਿਆ ਨੂੰ ਪਹਿਲ ਦੇਣ ਦੇ ਦੁਆਰਾ, ਰਸੂਲ ਨੇ ਨਾ ਸਿਰਫ ਇਹ ਪ੍ਰਦਰਸ਼ਿਤ ਕੀਤਾ ਕਿ ਸਾਰੀਆਂ ਦਾਤਾਂ ਪਰਮੇਸ਼ੁਰ ਦੀ ਵੱਲੋਂ ਹਨ, ਪਰ ਇਹ ਵੀ ਕਿ ਪਹਿਲੀਆਂ ਦਾਤਾਂ ਜ਼ਿਆਦਾ ਬਹੁਮੁੱਲੀਆਂ ਸਨ।

ਪੌਲੁਸ ਦੀ ਬਹੁਵਚਨ "ਚੰਗਿਆਈ ਦੀਆਂ ਦਾਤਾਂ" ਦੀ ਵਰਤੋਂ ਸਿਰਫ ਸ਼ੈਲੀ ਦੀ ਗੱਲ ਸੀ, ਪਰ ਸੰਦਰਭ ਸੁਝਾਅ ਦਿੰਦਾ ਹੈ ਕਿ ਇਸ ਦਾ ਮਹੱਤਵ ਸੀ। ਸ਼ਾਇਦ ਕੁਝ ਲੋਕ ਸਿਰਫ ਉਦੋਂ ਹੀ ਨਰੋਇਆਂ ਕਰਨ ਵਿੱਚ ਸਮਰੱਥ ਸਨ ਜਦੋਂ ਕੁਝ ਸਥਿਤੀਆਂ ਮੌਜੂਦ ਹੁੰਦੀਆਂ ਸਨ। ਜਿਹੜੀ ਗੱਲ ਸਪੱਸ਼ਟ ਹੈ ਉਹ ਇਹ ਹੈ ਕਿ ਜਿਨ੍ਹਾਂ ਦੇ ਕੋਲ ਨਰੋਇਆਂ ਕਰਨ ਦੀਆਂ ਵੱਖ-ਵੱਖ ਦਾਤਾਂ ਸਨ ਉਨ੍ਹਾਂ ਦੀ ਕਲੀਸੀਆ ਵਿੱਚ ਸਰਵ ਸਰੇਸ਼ਠਤਾ ਸੀ। ਪੌਲੁਸ ਨੇ ਜ਼ੋਰ ਦਿੱਤਾ ਕਿ ਦਾਤਾਂ ਦੇ ਪਿੱਛੇ ਉਸ ਦਾ ਇਹ ਉਦੇਸ਼ ਕਦੇ ਵੀ ਨਹੀਂ ਸੀ; ਆਤਮਾ ਦੀਆਂ ਸਾਰੀਆਂ ਦਾਤਾਂ ਸਮੁੱਚੇ ਸਰੀਰ ਜਾਂ ਕਲੀਸੀਆ ਦੀ ਉੱਨਤੀ ਲਈ ਸਨ। "ਨਰੋਇਆਂ ਕਰਨ ਦੀਆਂ ਦਾਤਾਂ" ਦਾ ਜ਼ਿਕਰ ਯੋਗਤਾਵਾਂ ਦੀਆਂ ਇੱਕ ਅਜਿਹੀ ਲੜੀ ਨੂੰ ਪੇਸ਼ ਕਰਦਾ ਹੈ ਜਿਸ ਦੇ ਇਸਤੇਮਾਲ ਨੇ ਕਿਸੇ ਵੀ ਦਲ ਵਿੱਚ, ਮਸੀਹੀ ਜਾਂ ਕੋਈ ਹੋਰ, ਤਹਿਲਕਾ ਮਚਾ ਦਿੱਤਾ ਹੋਵੇਗਾ।

**ਆਇਤ 10.** ਰਸੂਲ ਨੇ ਸ਼ਾਇਦ ਸਭ ਤੋਂ ਪਹਿਲਾਂ ਉਨ੍ਹਾਂ ਦੀ ਮਹਤੱਤਾ ਤੇ ਜ਼ੋਰ ਦੇਣ ਦੇ ਲਈ ਅਤੇ ਜ਼ਿਆਦਾ ਸ਼ਾਨਦਾਰ ਦਾਤਾਂ ਤੇ ਜ਼ਿਆਦਾ ਜੋਸ਼ ਨੂੰ ਘੱਟ ਕਰਨ ਦੇ ਲਈ ਘੱਟ ਪ੍ਰਸਿੱਧ ਆਤਮਿਕ ਦਾਤਾਂ (ਗਿਆਨ, ਵਿੱਦਿਆ ਅਤੇ ਨਿਹਚਾ) ਨੂੰ ਰੱਖਿਆ ਹੋਵੇਗਾ। **ਕਰਾਮਾਤਾਂ ਵਿਖਾਉਣ ਦੀ ਸਮਰੱਥਾ** ਇੱਕ ਵਿਸਤਰਤ ਸ਼ਬਦ ਜਾਪਦਾ ਹੈ ਜਿਸ ਦੇ ਅਧੀਨ ਹੇਠ ਲਿਖੀਆਂ ਦਾਤਾਂ ਨੂੰ ਲਗਾਇਆ ਗਿਆ ਸੀ। ਉਸ ਹਾਲਤ ਵਿੱਚ, "ਨਰੋਇਆਂ ਕਰਨ ਦੀਆਂ ਦਾਤਾਂ" ਗਲਤ ਥਾਂ ਤੇ ਰੱਖੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ। ਕੋਈ ਇਸ ਦੇ ਬਾਅਦ

ਵਿੱਚ ਆਉਣ ਦੀ ਉਮੀਦ ਕਰੇਗਾ, ਨਾ ਕਿ "ਕਰਾਮਾਤਾਂ ਵਿਖਾਉਣ ਦੀ ਸਮਰੱਥਾ" ਤੋਂ ਪਹਿਲਾਂ। ਕੁਰਿੰਥੁਸ ਵਿੱਚ ਮਸੀਹੀ ਲੋਕਾਂ ਨੇ ਹੋਰਨਾਂ ਦਾਤਾਂ ਨਾਲੋਂ ਵੱਧ ਕੇ ਨਰੋਇਆਂ ਕਰਨ ਦੀਆਂ ਦਾਤਾਂ ਦੀ ਬੜੀ ਵਿਆਕੁਲਤਾ ਨਾਲ ਭਾਲ ਕੀਤੀ ਹੋਵੇਗੀ। ਕਿਉਂਕਿ ਉਮਰ ਨੂੰ ਲੰਬਾ ਕਰਨ ਦੀ ਨਿੱਜੀ ਇੱਛਾ ਦੇ ਕਾਰਣ, ਚੰਗਾ ਕਰਨ ਦੀ ਸਮਰੱਥਾ ਉਹ ਦਾਤ ਸੀ ਜਿਸ ਦੀ ਉਨ੍ਹਾਂ ਸਾਰੀਆਂ ਦਾਤਾਂ ਨਾਲੋਂ ਜ਼ਿਆਦਾ ਲਾਲਸਾ ਕੀਤੀ ਗਈ ਹੋਵੇਗੀ ਜੋ ਆਤਮਾ ਦੁਆਰਾ ਵੰਡੀਆਂ ਗਈਆਂ ਸਨ। ਯਿਸੂ ਅਤੇ ਰਸੂਲਾਂ ਦੁਆਰਾ ਕੀਤੇ ਗਏ ਜ਼ਿਆਦਾਤਰ ਚਮਤਕਾਰ ਨਰੋਇਆਂ ਕਰਨ ਦੇ ਚਮਤਕਾਰ ਸਨ।

ਕਾਰਣ ਭਾਵੇਂ ਕੋਈ ਵੀ ਹੋਵੇ, ਪੌਲੁਸ ਨੇ "ਨਰੋਇਆਂ ਕਰਨ ਦੀਆਂ ਦਾਤਾਂ" ਨੂੰ "ਕਰਾਮਾਤਾਂ ਵਿਖਾਉਣ ਦੀ ਸਮਰੱਥਾ" ਦੇ ਜ਼ਿਆਦਾ ਸਧਾਰਣ ਵਾਕ ਤੋਂ ਪਹਿਲਾਂ ਸੂਚੀ ਵਿੱਚ ਸ਼ਾਮਲ ਕੀਤਾ ਸੀ। ਉਸ ਤੋਂ ਬਾਅਦ, ਉਸ ਨੇ ਚਮਤਕਾਰੀ ਦਾਤਾਂ ਨੂੰ ਉਨ੍ਹਾਂ ਦੇ ਵੱਖ-ਵੱਖ ਪਰਕਾਸ਼ਾਂ ਵਿੱਚ ਅਲੱਗ ਕਰ ਦਿੱਤਾ ਜਿਵੇਂ ਕਿ ਕੁਰਿੰਥੁਸ ਵਿੱਚ ਮਸੀਹੀ ਲੋਕਾਂ ਦੁਆਰਾ ਅਨੁਭਵ ਕੀਤਾ ਗਿਆ ਸੀ।

ਹੋਰਨਾਂ ਚਮਤਕਾਰੀ ਦਾਤਾਂ ਵਿੱਚ, ਕੁਰਿੰਥੁਸ ਵਿੱਚ ਕੁਝ ਲੋਕਾਂ ਨੂੰ ਆਤਮਾ ਦੁਆਰਾ **ਅਗੰਮ ਵਾਕ** ਦਾ ਦਾਨ ਦਿੱਤਾ ਗਿਆ ਸੀ। ਆਰੰਭਕ ਕਲੀਸੀਆ ਵਿੱਚ ਨਬੀਆਂ ਦਾ ਬਹੁਤ ਆਦਰ ਹੁੰਦਾ ਸੀ; ਉਹ ਜ਼ਰੂਰੀ ਸੇਵਾਵਾਂ ਕਰਦੇ ਸਨ (ਅਫ਼ਸੀਆਂ 2:20; 4:11)। ਆਗਬੁਸ ਨੇ ਭਵਿੱਖ ਵਿੱਚ ਜੋ ਹੋਣ ਵਾਲਾ ਸੀ ਉਸ ਦੇ ਬਾਰੇ ਪਹਿਲਾਂ ਤੋਂ ਹੀ ਦੱਸ ਦਿੱਤਾ ਸੀ (ਉਦਾਹਰਣ ਦੇ ਲਈ, ਰਸੂਲਾਂ ਦੇ ਕਰਤੱਬ 11:28; 21:10, 11), ਪਰ ਨਬੀ ਆਮ ਤੌਰ ਤੇ ਉਪਦੇਸ਼ ਦਿੰਦੇ ਸਨ (ਰਸੂਲਾਂ ਦੇ ਕਰਤੱਬ 15:32)। ਜ਼ਰੂਰੀ ਨਹੀਂ ਹੈ ਕਿ ਇੱਕ ਮਸੀਹੀ ਉਪਦੇਸ਼ਕ ਕੋਲ ਆਤਮਾ ਦੁਆਰਾ ਦਿੱਤਾ ਗਿਆ ਦਾਨ ਹੋਵੇ, ਪਰ ਨਬੀ ਕੋਲ ਹੁੰਦਾ ਸੀ। ਜੇਮਸ ਗਰੀਨਬੱਰੀ ਨੇ ਜੋ ਸਿੱਟਾ ਕੱਢਿਆ ਹੈ ਉਹ ਬਿਲਕੁਲ ਸਹੀ ਹੈ:

> ਇਸ ਤਰ੍ਹਾਂ, ਪੂਰੇ ਨਵੇਂ ਨੇਮ ਵਿੱਚ ਇਹ ਸੁਆਅ ਦੇਣ ਲਈ ਕੋਈ ਦਮਦਾਰ ਸਬੂਤ ਨਹੀਂ ਹੈ ਕਿ ਅਗੰਮ ਵਾਕ ਇਕਸਾਰ ਭਵਿੱਖਸੂਚਕ, ਪ੍ਰੇਰਿਤ ਅਤੇ ਅਧਿਕਾਰਕ ਤੋਂ ਵੱਧ ਕੁਝ ਹੋਰ ਹੇ।[6]

ਅਗੰਮ ਵਾਕ ਯੁੱਗਾਂ ਪੁਰਾਣੀ ਇੱਕ ਦਾਤ ਹੈ ਜੋ ਪਰਮੇਸ਼ੁਰ ਨੇ ਆਪਣੇ ਸੇਵਕਾਂ ਨੂੰ ਦਿੱਤੀ ਸੀ; ਪਰ ਪੁਰਾਣੇ ਅਤੇ ਨਵੇਂ ਨੇਮ ਦੋਹਾਂ ਵਿੱਚ, ਲੋਕ ਪਰਮੇਸ਼ੁਰ ਵੱਲੋਂ ਇੱਕ ਸੰਦੇਸ਼ ਦੇ ਮਿਲਣ ਦਾ ਦਾਅਵਾ ਕਰ ਸਕਦੇ ਸਨ ਜਦੋਂ ਉਹ ਸੱਚਮੁੱਚ ਉਨ੍ਹਾਂ ਦੇ ਆਪਣੇ ਮਨਾਂ ਤੋਂ ਬੋਲ ਰਹੇ ਹੁੰਦੇ ਸਨ (ਯਿਰਮਿਯਾਹ 27:16)। ਇਸ ਲਈ, ਲੋਕਾਂ ਨੂੰ **ਆਤਮਿਆਂ ਦੀ ਪਛਾਣ** ਦੀਆਂ ਦਾਤਾਂ ਦੇਣਾ ਆਤਮਾ ਦੇ ਲਈ ਉਚਿਤ ਸੀ। ਪਹਿਲੀ ਸਦੀ ਦੀ ਕਲੀਸੀਆ ਦੇ ਜੀਵਨ ਲਈ ਅਗੰਮ ਵਾਕ ਜ਼ਰੂਰੀ ਸੀ। ਕੁਝ ਨਬੀ ਸਥਿਰ ਸਨ ਜਿਨ੍ਹਾਂ ਨੂੰ ਵਿਸ਼ੇਸ਼ ਕਲੀਸੀਆ ਵਿੱਚ ਸਪੱਸ਼ਟ ਤੌਰ ਤੇ ਖਾਸ ਕੰਮ ਸੌਂਪੇ ਗਏ ਸਨ। ਬਾਕੀ, ਭਾਵੇਂ ਸੱਚੇ ਜਾਂ ਝੂਠੇ, ਇੱਕ ਥਾਂ ਤੋਂ ਦੂਜੀ ਥਾਂ ਤੇ ਭਟਕਦੇ ਜਾਪਦੇ ਹਨ (1 ਯੂਹੰਨਾ 4:1)।

ਪੌਲੁਸ ਨੇ ਸਭ ਤੋਂ ਸ਼ਾਨਦਾਰ ਦਾਤਾਂ, ਘੱਟੋ-ਘੱਟ ਜਿੱਥੋਂ ਤੱਕ ਕੁਰਿੰਥੁਸ ਦੇ ਲੋਕਾਂ ਦਾ ਸੰਬੰਧ ਸੀ, ਆਖ਼ਰ ਦੇ ਲਈ ਬਚਾ ਕੇ ਰੱਖੀਆਂ ਸਨ। ਮਸੀਹੀ ਲੋਕ **ਅਨੇਕ ਪਰਕਾਰ ਦੀਆਂ ਭਾਸ਼ਾਂ** ਨਾਲ ਬੋਲਣ ਦੀ ਯੋਗਤਾ ਦੇ ਲਈ ਮੁਕਾਬਲਾ ਕਰਦੇ ਸਨ। ਪੌਲੁਸ ਨੇ ਇਨ੍ਹਾਂ ਭਾਸ਼ਾਂ ਨੂੰ ਵੱਖਰੀ "ਕਿਸਮ ਦੀਆਂ ਭਾਸ਼ਾਂ" ਸਮਝਿਆ ਸੀ। ਕਿਉਂਕਿ ਆਧੁਨਿਕ ਸੰਸਾਰ ਵਿੱਚ ਅਨੁਭਵ

ਕੀਤੀਆਂ ਗਈਆਂ ਅਨੰਦ ਭਰੀਆਂ ਬੋਲੀਆਂ ਦੀ ਉਨ੍ਹਾਂ ਨਾਲ ਇੱਕ ਸੰਬੰਧਕ ਸਮਰੂਪਤਾ ਹੈ, ਕੋਈ ਵੀ ਵਿਅਕਤੀ ਇਹ ਉਮੀਦ ਕਰੇਗਾ ਕਿ ਕੁਰਿੰਥੁਸ ਵਿੱਚ ਵੱਖ-ਵੱਖ "ਤਰ੍ਹਾਂ" ਦੀਆਂ ਭਾਸ਼ਾ ਬੋਲੀਆਂ ਜਾਂਦੀਆਂ ਸਨ। ਕੁਝ ਬੋਲੀਆਂ ਜਿਨ੍ਹਾਂ ਦਾ ਅੱਜ ਕੁਝ ਧਾਰਮਿਕ ਸਮੂਹਾਂ ਦੁਆਰਾ ਦਾਅਵਾ ਕੀਤਾ ਜਾਂਦਾ ਹੈ ਭਾਵਨਾਤਮਕ (ਕੁਝ ਕਹਿਣਗੇ "ਧਾਰਮਿਕ") ਅਨੁਭਵ ਪ੍ਰਤੀਤ ਹੁੰਦੇ ਹਨ, ਪਰ "ਭਾਸ਼ਾਂ" ਦੇ ਅਜਿਹੇ ਪ੍ਰਦਰਸ਼ਣ ਤਰਕਪੂਰਣ ਵਿਸ਼ਾ-ਵਸਤੂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਉਮੀਦ ਨਹੀਂ ਕਰ ਸਕਦੇ। ਉਹ ਭਾਸ਼ਾਂ ਜਿਨ੍ਹਾਂ ਦੀ ਪੌਲੁਸ ਦੁਆਰਾ ਚਰਚਾ ਕੀਤੀ ਗਈ ਸੀ "ਵੱਖ-ਵੱਖ ਤਰ੍ਹਾਂ" ਦੀਆਂ ਸਨ ਅਤੇ ਇਹ ਇਹ ਸੁਝਾਅ ਦਿੰਦਾ ਹੈ ਕਿ ਸ਼ਬਦਾਂ ਨੂੰ ਸਮਝਣ ਯੋਗ ਅਰਥ ਸੀ।

ਪਾਠਕ ਕੁਰਿੰਥੁਸ ਦੀ ਕਲੀਸੀਆ ਵਿੱਚ ਭਾਸ਼ਾਂ ਦੀ ਘਟਨਾ ਨੂੰ ਸਮਝਣ ਦੇ ਲਈ ਦੂਰ ਤੱਕ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਪੌਲੁਸ ਨੇ ਉਨ੍ਹਾਂ ਨੂੰ "ਅਰਥ ਕਰਨ" ਦਾ ਵਿਸ਼ਾ ਹੋਣ ਦੀ ਉਮੀਦ ਕੀਤੀ ਸੀ। ਕੁਰਿੰਥੁਸ ਵਿੱਚ ਕੁਝ ਲੋਕਾਂ ਨੂੰ "ਆਤਮਿਆਂ" ਵਿਚਕਾਰ ਪਛਾਣ ਕਰਨ ਦੀ ਲੋੜ ਸੀ, ਅਰਥਾਤ, ਉਹ ਜਿਹੜੇ ਸਿਰਫ ਨਬੂਵਤੀ ਸੰਦੇਸ਼ ਰੱਖਣ ਦਾ ਦਾਅਵਾ ਕਰਦੇ ਸਨ ਅਤੇ ਉਹ ਜਿਨ੍ਹਾਂ ਕੋਲ ਸੱਚਮੁੱਚ ਨਬੂਵਤੀ ਸੰਦੇਸ਼ ਸੀ ਉਨ੍ਹਾਂ ਵਿਚਕਾਰ। ਭਰਾਵਾਂ ਨੇ ਹਰੇਕ ਦਾਅਵੇ ਨੂੰ ਸਵੀਕਾਰ ਨਹੀਂ ਸੀ ਕਰਨਾ ਕਿ ਵਿਅਕਤੀ ਆਤਮਾ ਦੁਆਰਾ ਅਧਿਕਾਰਕ ਤੌਰ ਤੇ ਬੋਲ ਰਿਹਾ ਸੀ। ਉਸੇ ਤਰ੍ਹਾਂ, ਜੇਕਰ ਭਾਸ਼ਾਂ ਕਲੀਸੀਆ ਦੀ ਉੱਨਤੀ ਦੇ ਲਈ ਸਨ, ਉਨ੍ਹਾਂ ਦਾ ਅਰਥ ਕਰਨ ਦੀ ਲੋੜ ਸੀ। ਜ਼ਬਾਨੀ ਅਵਾਜ਼ਾਂ ਜੋ ਦਾਨ ਪਾਏ ਹੋਏ ਮਸੀਹੀ ਲੋਕਾਂ ਨੂੰ ਆਤਮਾ ਦੇ ਦੁਆਰਾ ਦਿੱਤੀਆਂ ਗਈਆਂ ਸਨ ਫੁਟਕਲ ਥਥਲਾਪਣ ਨਹੀਂ ਸਨ; ਉਹ ਅਰਥਪੂਰਣ ਸਨ। "ਅਨੇਕ ਪਰਕਾਰ ਦੀਆਂ ਭਾਸ਼ਾਂ" ਬੋਲੀਆਂ ਸਨ; ਉਹ ਤਰਕਪੂਰਣ ਵਿਚਾਰਾਂ ਨੂੰ ਪੇਸ਼ ਕਰਦੀਆਂ ਸਨ।

ਨਵੇਂ ਨੇਮ ਦੀਆਂ ਪੱਤ੍ਰੀਆਂ ਵਿੱਚ, ਭਾਸ਼ਾਂ (ਚੰਗਿਆਈ ਅਤੇ ਅਗੰਮ ਵਾਕ ਤੋਂ ਭਿੰਨ) ਦਾ ਜ਼ਿਕਰ ਸਿਰਫ 1 ਕੁਰਿੰਥੀਆਂ ਵਿੱਚ ਕੀਤਾ ਗਿਆ ਹੈ। ਕੁਰਿੰਥੁਸ ਦੇ ਲੋਕਾਂ ਨੂੰ ਦਿੱਤੀ ਗਈ ਇਸ ਦਾਤ ਦੀ ਵਿਸ਼ੇਸ਼ਤਾ ਇਸ ਨੂੰ ਚੰਗੀ ਤਰ੍ਹਾਂ ਜਾਂਚਣ ਦੀ ਮੰਗ ਕਰਦੀ ਹੈ। ਪੌਲੁਸ ਦੀ ਪੱਤ੍ਰੀ ਦੇ ਆਧੁਨਿਕ ਪਾਠਕ ਹੋਣ ਦੇ ਨਾਤੇ, ਅਸੀਂ ਇੱਥੇ ਉਸ ਦੇ ਨਿਰਦੇਸ਼ਾਂ ਤੋਂ ਸਿਰਫ ਇਸ ਹੱਦ ਤੱਕ ਫਾਇਦਾ ਉਠਾ ਸਕਦੇ ਹਾਂ ਕਿ ਅਸੀਂ ਇਹ ਸਮਝ ਸਕਦੇ ਹਾਂ ਕਿ ਕੁਰਿੰਥੁਸ ਵਿੱਚ "ਅਨੇਕ ਪਰਕਾਰ ਦੀਆਂ ਦਾਤਾਂ" ਕੀ ਸਨ।

ਨਵੇਂ ਨੇਮ ਵਿੱਚ ਹੋਰ ਕਿਤੇ, "ਭਾਸ਼ਾਂ" ਸ਼ਬਦ ਸਿਰਫ ਰਸੂਲਾਂ ਦੇ ਕਰਤੱਬ 2:7, 8; 10:46 ਅਤੇ 19:6 ਵਿੱਚ ਆਉਂਦਾ ਹੈ। ਰਸੂਲਾਂ ਦੇ ਕਰਤੱਬ 2 ਅਧਿਆਇ ਸਪੱਸ਼ਟ ਤੌਰ ਤੇ ਭਾਸ਼ਾਂ ਦਾ ਹਵਾਲਾ ਦਿੰਦਾ ਹੈ। ਇਸ ਥਿਊਰੀ ਨੂੰ ਇਸਤੇਮਾਲ ਕਰਦਿਆਂ ਕਿ ਸਪੱਸ਼ਟ ਹਵਾਲੇ ਸਾਨੂੰ ਹੋਰ ਜ਼ਿਆਦਾ ਮੁਸ਼ਕਲ ਭਾਸ਼ਾਂ ਦਾ ਅਰਥ ਕਰਨ ਵਿੱਚ ਮਦਦ ਕਰ ਸਕਦੇ ਹਨ, ਸਾਨੂੰ ਹੋਰ ਕਿਤੇ ਅਰਥਾਤ ਰਸੂਲਾਂ ਦੇ ਕਰਤੱਬ ਅਤੇ 1 ਕੁਰਿੰਥੀਆਂ 12-14 ਵਿੱਚ "ਭਾਸ਼ਾਂ" ਨੂੰ ਭਾਸ਼ਾਂ ਵਜੋਂ ਹੀ ਲੈਣਾ ਚਾਹੀਦਾ ਹੈ। ਇਹ ਦਲੀਲ ਦੇਣਾ, ਹੋਰ ਵਿਆਖਿਆ ਤੋਂ ਬਿਨਾਂ, ਕਿ ਭਾਸ਼ਾ ਦੀ ਦਾਤ ਰਸੂਲਾਂ ਦੇ ਕਰਤੱਬ ਵਿੱਚ ਇੱਕ ਘਟਨਾ ਹੈ ਅਤੇ 1 ਕੁਰਿੰਥੀਆਂ ਵਿੱਚ ਕੋਈ ਵੱਖਰੀ ਘਟਨਾ ਹੈ ਨਵੇਂ ਨੇਮ ਦੀ ਯੋਗਤਾ ਤੇ ਸਵਾਲ ਖੜ੍ਹਾ ਕਰਨਾ ਹੈ।[7] ਡੇਵਿਡ ਈ. ਗਾਰਲੈਂਡ ਨੇ ਇਹ ਸਹੀ ਹੀ ਸਿੱਟਾ ਕੱਢਿਆ ਹੈ ਕਿ ਪੌਲੁਸ ਨੇ ਭਾਸ਼ਾ ਨੂੰ "ਆਤਮਾ ਦੁਆਰਾ ਪ੍ਰੇਰਿਤ ਕੀਤੀ ਗਈ ਇੱਕ ਭਾਸ਼ਾ ਹੀ ਸਮਝਿਆ ਸੀ ਨਾ ਕਿ ਨਾ ਸਮਝਣ ਯੋਗ ਅਤੇ ਨਾ ਬੋਲਣ ਵਾਲੀ ਭਾਸ਼ਾ। ਇਹ ਸਿਰਫ ਆਤਮਾ ਵਿੱਚ ਬੇਤੁਕਾ ਬੁੜਬੁੜਾਉਣਾ ਨਹੀਂ ਹੈ।"[8]

ਰੌਬਰਟ ਐਚ. ਗੁੰਡਰੀ ਦੁਆਰਾ ਲਿਖਿਆ ਇੱਕ ਲੇਖ ਇਹ ਜਾਂਚ ਪੜਤਾਲ ਕਰਦਾ ਹੈ ਕਿ "ਭਾਵੇਂ ਨਵੇਂ ਨੇਮ ਵਿੱਚ ਵਰਣਨ ਕੀਤੀ ਗਈ ਵਿਕਸ਼ਿਪਤ ਭਾਸ਼ਾ ਸੱਚਮੁੱਚ ਯੂਨਾਨੀ ਧਰਮਾਂ ਵਿੱਚ ਅਤੇ ਸੰਭਵ ਤੌਰ ਤੇ ਭਵਿੱਖਬਾਣੀ ਵਿੱਚ ਪਾਈ ਜਾਣ ਵਾਲੇ ਅਨੰਦਮਈ ਬੋਲਚਾਲ ਦੇ ਬਰਾਬਰ ਸੀ।" ਇਹ ਕਹਿੰਦਾ ਹੈ, ". . . ਰਸੂਲ ਇਸ ਘਟਨਾ ਨੂੰ ਇੱਕ 'ਅਨੰਦਮਈ ਭਾਸ਼ਾ' ਵਜੋਂ ਨਹੀਂ ਵੇਖਦਾ ਜਾਂ ਵਰਣਨ ਨਹੀਂ ਕਰਦਾ, ਪਰ ਮਨੁੱਖੀ ਭਾਸ਼ਾ ਨੂੰ ਵਿਦੇਸ਼ੀ ਭਾਸ਼ਾ ਬੋਲਣ ਵਾਲਿਆਂ ਦੇ ਨਾਲ ਚਮਤਕਾਰੀ ਢੰਗ ਨਾਲ ਦਿੱਤੀ ਗਈ ਯੋਗਤਾ ਵਜੋਂ।"[9]

**ਆਇਤ 11.** ਮਸੀਹ ਦੇ ਸਰੀਰ ਦੀ ਏਕਤਾ ਉਨ੍ਹਾਂ ਦਾਤਾਂ ਬਾਰੇ ਪੌਲੁਸ ਦੇ ਸਾਰ ਵਿੱਚ ਹਾਵੀ ਹੁੰਦੀ ਹੈ ਜੋ ਕੁਰਿੰਥੁਸ ਦੇ ਮਸੀਹੀ ਲੋਕਾਂ ਵਿੱਚ ਪਰਤੱਖ ਹੈ। ਉਸ ਨੇ ਲਿਖਿਆ, **ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ।** ਮਸੀਹੀ ਲੋਕਾਂ ਵਿੱਚ ਜ਼ਿਆਦਾ ਲੋੜੀਂਦੀਆਂ ਦਾਤਾਂ ਦਾ ਮੁਕਾਬਲਾ ਇਹ ਇਸ਼ਾਰਾ ਕਰਦਾ ਸੀ ਕਿ ਉਹ ਆਤਮਾ ਦੁਆਰਾ ਵੰਡੀਆਂ ਗਈਆਂ ਯੋਗਤਾਵਾਂ ਨੂੰ ਗਲਤ ਸਮਝ ਰਹੇ ਸਨ ਅਤੇ ਉਨ੍ਹਾਂ ਦੀ ਦੁਰਵਰਤੋਂ ਕਰ ਰਹੇ ਸਨ।

ਇਹ ਸੱਚ ਕਿ ਦੇਹ, ਕਲੀਸੀਆ ਦੇ ਵੱਖ-ਵੱਖ ਅੰਗਾਂ ਦੀਆਂ ਵੱਖ-ਵੱਖ ਯੋਗਤਾਵਾਂ ਹਨ ਅੱਜ ਕਿਸੇ ਵੀ ਤਰੀਕੇ ਨਾਲ ਸਰੀਰ ਦੀ ਜ਼ਰੂਰੀ ਏਕਤਾ ਨੂੰ ਨਹੀਂ ਘਟਾਉਂਦਾ। ਕਲੀਸੀਆ ਦੇ ਸਾਰੇ ਮੈਂਬਰਾਂ ਨੇ, ਸਰੀਰਕ ਦੇਹ ਦੇ ਸਾਰੇ ਅੰਗਾਂ ਦੇ ਵਾਂਗ, ਰਲ ਕੇ ਕੰਮ ਕਰਨਾ ਹੈ। ਜਦੋਂ ਮਸੀਹ ਦੀ ਦੇਹ ਦੇ ਕਿਸੇ ਇੱਕ ਅੰਗ ਨੂੰ ਕਿਸੇ ਖ਼ਾਸ ਯੋਗਤਾ ਦੀ ਬਰਕਤ ਮਿਲਦੀ ਹੈ, ਤਾਂ ਇਹ ਸਾਰੇ ਸਰੀਰ ਦੇ ਲਈ ਅਨੰਦ ਕਰਨ ਦਾ ਮੌਕਾ ਹੁੰਦਾ ਹੈ।

## "ਸਰੀਰ ਇੱਕ ਹੈ, ਪਰ ਅੰਗ ਬਹੁਤੇ ਹਨ" (12:12, 13)

**12ਜਿਸ ਤਰਾਂ ਸਰੀਰ ਇੱਕ ਹੈ ਅਤੇ ਉਹ ਦੇ ਅੰਗ ਬਹੁਤੇ ਹਨ ਅਤੇ ਸਰੀਰ ਦੇ ਸਾਰੇ ਅੰਗ ਭਾਵੇਂ ਬਹੁਤੇ ਹਨ ਪਰ ਤਾਂ ਵੀ ਰਲ ਕੇ ਇੱਕੋ ਸਰੀਰ ਹੋਇਆ ਸੋ ਇਸੇ ਤਰਾਂ ਮਸੀਹ ਵੀ ਹੈ। 13ਕਿਉਂ ਜੋ ਅਸਾਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨੀ, ਕੀ ਗੁਲਾਮ, ਕੀ ਅਜ਼ਾਦ, ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇੱਕ ਆਤਮਾ ਪਿਆਇਆ ਗਿਆ।**

**ਆਇਤ 12.** 12:1-11 ਦੇ ਸਾਰ ਵਿੱਚ, ਅਸੀਂ 12:12 ਵਿੱਚ ਪੌਲੁਸ ਤੋਂ ਇਹ ਕਹਿਣ ਦੀ ਉਮੀਦ ਕਰ ਸਕਦੇ ਹਾਂ ਕਿ "ਸੋ ਇਸੇ ਤਰ੍ਹਾਂ ਕਲੀਸੀਆ ਵੀ ਹੈ।" ਕਲੀਸੀਆ ਦੀ ਏਕਤਾ ਨੇ ਰਸੂਲ ਦੇ ਪਿਛਲੇ ਵਰਣਨ ਦਾ ਇੱਕ ਠੋਸ ਆਧਾਰ ਪ੍ਰਦਾਨ ਕੀਤਾ ਸੀ, ਪਰ ਹੁਣ ਉਹ ਇੱਕ ਵੱਖਰੀ ਦਿਸ਼ਾਂ ਵੱਲ ਨੂੰ ਮੁੜ ਗਿਆ। ਇਹ ਕਹਿਣ ਦੀ ਬਜਾਇ ਕਿ "ਸੋ ਇਸੇ ਤਰ੍ਹਾਂ ਕਲੀਸੀਆ ਵੀ ਹੈ," ਉਸ ਨੇ ਲਿਖਿਆ, **ਸੋ ਇਸੇ ਤਰ੍ਹਾਂ ਮਸੀਹ ਵੀ ਹੈ।** ਉਹ ਜਿਸ ਨੇ ਕੁਰਿੰਥੁਸ ਵਿੱਚ ਮੰਡਲੀ ਨੂੰ ਸਥਾਪਤ ਕੀਤਾ ਸੀ ਉਸ ਨੇ ਮਸੀਹ ਅਤੇ ਉਸ ਦੀ ਕਲੀਸੀਆ ਵਿਚਕਾਰ ਏਕਤਾ ਤੇ ਜ਼ੋਰ ਦਿੱਤਾ ਸੀ। ਸਰੀਰ ਅਰਥਾਤ ਕਲੀਸੀਆ ਦਾ ਹਿੱਸਾ ਬਣਨਾ ਮਸੀਹ ਦੇ ਨਾਲ ਜੁੜਨਾ ਹੈ।

ਐਸਲੀਪੀਓਨ ਵਾਲੀ ਥਾਂ ਤੇ, ਜਿਸ ਦੇ ਵਿੱਚ ਪ੍ਰਾਚੀਨ ਕੁਰਿੰਥੁਸ ਦੀਆਂ ਪੱਛਮੀ ਕੰਧਾਂ ਤੇ ਚੰਗਿਆਈ ਦੇਣ ਵਾਲਾ ਮੰਦਿਰ ਸ਼ਾਮਲ ਸੀ, ਪੁਰਾਤੱਤਵ ਵਿਗਿਆਨੀਆਂ ਨੇ ਟੈਰਾਕੋਟਾ ਸਰੀਰ ਦੇ ਹਿੱਸਿਆਂ ਦੇ ਗੁਪਤ ਭੰਡਾਰ ਤੋਂ ਪਰਦਾ ਹਟਾਇਆ ਸੀ। ਸ਼ਾਇਦ ਇਹ ਉੱਥੇ ਉਨ੍ਹਾਂ

ਭਗਤਾਂ ਦੁਆਰਾ ਰੱਖੇ ਗਏ ਸਨ ਜਿਹੜੇ ਦੇਵਤਾ ਦੇ ਲਈ ਆਪਣੀ ਨਿਰਾਸ਼ਾ ਦੇ ਲਈ ਇੱਕ ਚਿਤਾਵਨੀ ਛੱਡਣਾ ਚਾਹੁੰਦੇ ਸਨ, ਜਾਂ ਸ਼ਾਇਦ ਉਹ ਉਨ੍ਹਾਂ ਚੰਗਿਆਈਆਂ ਦੇ ਲਈ ਆਪਣਾ ਧੰਨਵਾਦ ਪਰਗਟ ਕਰਨਾ ਚਾਹੁੰਦੇ ਸਨ ਜੋ ਉਨ੍ਹਾਂ ਨੇ ਉਸ ਦੇ ਨਾਵੇਂ ਲਾਈਆਂ ਸਨ। ਟੈਰਾਕੋਟਾ ਸਰੀਰ ਦੇ ਹਿੱਸੇ ਕੁਰਿੰਥੁਸ ਵਿੱਚ ਆਧੁਨਿਕ ਪੁਰਾਤੱਤਵ ਥਾਂ ਤੇ ਇੱਕ ਛੋਟੇ ਜਿਹੇ ਅਜਾਇਬਘਰ ਵਿੱਚ ਪ੍ਰਦਰਸ਼ਨੀ ਦੇ ਰੂਪ ਵਿੱਚ ਲਗਾਏ ਗਏ ਹਨ। ਇਹ ਮੰਨਣਾ ਮੁਸ਼ਕਲ ਨਹੀਂ ਹੈ ਕਿ ਪੌਲੁਸ ਇਸ ਮੰਦਿਰ ਵਿੱਚ ਗਿਆ ਸੀ ਅਤੇ ਉਸ ਨੇ ਅਸੀਲੀਪਿਉਸ, ਦਵਾਈਆਂ ਦਾ ਦੇਵਤਾ ਦੇ ਅਰਾਧਕਾਂ ਦੁਆਰਾ ਛੱਡੀਆਂ ਗਈਆਂ ਵੱਖ-ਵੱਖ ਮੂਰਤੀਆਂ ਦੇ ਸੰਗ੍ਰਿਹ ਨੂੰ ਵੇਖਿਆ ਸੀ। ਜੇਰੋਮ ਮਰਫੀ-ਓ ਕੋਨੇਰ ਨੇ ਇਹ ਕਲਪਨਾ ਕੀਤੀ ਸੀ,

> ਇਸ ਪਿਛੋਕੜ ਦੇ ਵਿਰੁੱਧ ਪੌਲੁਸ ਨੇ ਹਰੇਕ ਚੀਜ਼ ਦੇ ਪ੍ਰਤੀਕਾਂ ਦੇ ਰੂਪ ਵਿੱਚ ਜੋ ਮਸੀਹੀ ਲੋਕਾਂ ਨੂੰ ਨਹੀਂ ਹੋਣਾ ਚਾਹੀਦਾ ਐਸੀਲੀਪੀਓਨ ਵਿੱਚ ਅੰਗਾਂ ਨੂੰ ਵੱਖ-ਵੱਖ ਪ੍ਰਦਰਸ਼ਿਤ ਹੁੰਦੇ ਵੇਖਿਆ ਹੋਵੇਗਾ: "ਮੁਰਦਾ," ਵੰਡਿਆ ਹੋਇਆ, ਪ੍ਰੇਮ ਨਾ ਕਰਨ ਵਾਲਾ ਅਤੇ ਉਹ ਜਿਸ ਨੂੰ ਪ੍ਰੇਮ ਨਹੀਂ ਕੀਤਾ ਜਾਂਦਾ। ਇਸ ਤੋਂ ਇਹ ਸਮੁੱਚੀ ਦੇਹ ਦੇ ਚਿੱਤਰ ਦੀ ਤੁਲਨਾ ਕਰਨ ਦਾ ਇੱਕ ਸੌਖਾ ਕਦਮ ਰਿਹਾ ਹੋਵੇਗਾ ਜਿਸ ਵਿੱਚ ਹਰੇਕ ਮੈਂਬਰ ਦੀ ਵਿਸ਼ੇਸ਼ ਪਛਾਣ ਨੇ ਇੱਕ ਸਾਂਝੇ ਜੀਵਨ ਵਿੱਚ ਜੜ੍ਹ ਫੜੀ ਹੋਈ ਹੈ।[10]

**ਆਇਤ 13.** ਪੌਲੁਸ ਨੇ ਆਪਣੇ ਪਾਠਕਾਂ ਦੇ ਸਾਹਮਣੇ ਕਈ ਸਵਾਲ ਪੇਸ਼ ਕੀਤੇ। ਮਸੀਹ ਦੀ ਆਗਿਆ ਦਾ ਪਾਲਣ ਕਰਨ ਦੇ ਦੁਆਰਾ ਮਨੁੱਖੀ ਮੱਤਭੇਦਾਂ ਨੂੰ ਤੋੜਨ ਤੋਂ ਬਾਅਦ, ਕੀ ਇਨ੍ਹਾਂ ਭਰਾਵਾਂ ਨੇ ਪਵਿੱਤਰ ਆਤਮਾ ਦੀਆਂ ਵੱਖ-ਵੱਖ ਦਾਤਾਂ ਦੇ ਆਧਾਰ ਤੇ ਸਰੀਰ ਨੂੰ ਵੰਡਣ ਦੀ ਹਿੰਮਤ ਕੀਤੀ ਸੀ? ਕੀ ਉਹ ਜਾਣਦੇ ਸਨ ਕਿ ਉਨ੍ਹਾਂ ਨੂੰ **ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ** ਸੀ? ਕਲੀਸੀਆ ਨੂੰ ਪੌਲੁਸ ਦੇ ਲਈ ਇਹ ਦਲੀਲ ਦੇਣ ਦੀ ਕੋਈ ਲੋੜ ਨਹੀਂ ਸੀ ਕਿ ਸਰੀਰ ਜਾਂ ਕਲੀਸੀਆ ਵਿੱਚ ਮੈਂਬਰਸ਼ਿਪ ਦੇ ਲਈ ਇੱਕ ਨਿਹਚਾ ਦੀ ਲੋੜ ਹੁੰਦੀ ਸੀ ਜੋ ਬਪਤਿਸਮੇ ਵਿੱਚ ਸਮਾਪਤ ਹੁੰਦੀ ਸੀ। ਉਹ ਇਸ ਗੱਲ ਤੋਂ ਜਾਣੂ ਸਨ ਕਿ ਬਪਤਿਸਮਾ ਮਸੀਹ ਵਿੱਚ ਇੱਕ ਨਵੇਂ ਜੀਵਨ ਦੀ ਸ਼ੁਰੂਆਤ ਸੀ ਅਤੇ ਇਸ ਨੇ ਉਨ੍ਹਾਂ ਨੂੰ ਇਸ ਸੰਸਾਰ ਦੇ ਜੀਵਨ ਤੋਂ ਅੱਡ ਕਰ ਦਿੱਤਾ ਸੀ। ਪੌਲੁਸ ਨੇ ਪਹਿਲਾਂ ਵੀ ਕਲੀਸੀਆ ਦੇ ਮੈਂਬਰਾਂ ਨੂੰ ਨਵੇਂ ਮੁੱਲਾਂ ਅਨੁਸਾਰ ਜੀਵਨ ਜੀਉਣ ਦੀ ਨਸੀਹਤ ਦੇਣ ਦੇ ਲਈ ਇਹੋ ਜਿਹੀਆਂ ਸ਼੍ਰੇਣੀਆਂ (ਯਹੂਦੀ/ਪਰਾਈ ਕੌਮ, ਗੁਲਾਮ/ਅਜ਼ਾਦ) ਦੀ ਵਰਤੋਂ ਕੀਤੀ ਸੀ (7:18-24); ਹੁਣ ਉਹ ਇਸ ਨੂੰ ਸਰੀਰ ਵਿੱਚ ਉਨ੍ਹਾਂ ਦੀ ਮੈਂਬਰਸ਼ਿਪ ਅਤੇ ਭਾਗੀਦਾਰੀ ਤੇ ਲਾਗੂ ਕਰ ਰਿਹਾ ਸੀ।

ਕੁਝ ਲੋਕਾਂ ਦਾ ਇਹ ਮੰਨਣਾ ਸੀ ਕਿ 12:13 ਵਿੱਚ ਪੌਲੁਸ ਇਹ ਵਿਚਾਰ ਦੀ ਗੁਹਾਰ ਲਗਾ ਰਿਹਾ ਸੀ ਕਿ ਕੁਰਿੰਥੁਸ ਦੇ ਸਾਰੇ ਲੋਕਾਂ ਨੂੰ *ਪਵਿੱਤਰ ਆਤਮਾ ਵਿੱਚ* ਬਪਤਿਸਮਾ ਦਿੱਤਾ ਗਿਆ ਸੀ। ਉਦਾਹਰਣ ਦੇ ਲਈ, ਜੈਕ ਕੋਟਰੈਲ ਨੇ ਇਸ ਹਵਾਲੇ ਵਿੱਚੋਂ ਇਹ ਦਲੀਲ ਦਿੱਤੀ ਸੀ ਕਿ ਬਪਤਿਸਮੇ ਦੇ ਸਮੇਂ ਹਰੇਕ ਮਸੀਹੀ ਵਿਅਕਤੀ ਦੁਆਰਾ ਪ੍ਰਾਪਤ ਕੀਤੀ ਗਈ ਪਵਿੱਤਰ ਆਤਮਾ ਦੀ ਦਾਤ ਪਵਿੱਤਰ ਆਤਮਾ ਵਿੱਚ ਬਪਤਿਸਮਾ ਹੈ। ਉਸ ਨੇ ਕਿਹਾ ਕਿ ਰਸੂਲਾਂ ਦੇ ਕਰਤੱਬ 1:5 ਦਾ ਵਾਅਦਾ ("ਤੁਹਾਨੂੰ ਪਵਿੱਤ੍ਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ") ਉਸ ਸਮੇਂ ਪੂਰਾ ਹੋਇਆ ਸੀ ਜਦੋਂ ਪਤਰਸ ਨੇ ਆਪਣਾ ਪਹਿਲਾ ਖੁਸ਼ਖ਼ਬਰੀ ਉਪਦੇਸ਼ ਖਤਮ ਕੀਤਾ ਅਤੇ ਲੋਕਾਂ ਨੇ ਖੁਸ਼ਖ਼ਬਰੀ ਨੂੰ ਮੰਨਿਆ ਅਤੇ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 2:38-41)। ਕੋਟਰੈਲ ਦੇ ਅਨੁਸਾਰ, ਪੈਂਟੀਕਾਸਟ ਦੇ

ਦਿਨ ਰਸੂਲਾਂ ਨਾਲ ਜੋ ਹੋਇਆ ਸੀ "ਪਵਿੱਤਰ ਆਤਮਾ" ਕੋਲੋਂ "ਸ਼ਕਤੀ" ਪ੍ਰਾਪਤ ਕਰਨ ਦੀ ਛੋਟੀ ਦਾਤ ਸੀ (ਰਸੂਲਾਂ ਦੇ ਕਰਤੱਬ 1:8)।[11] ਇਸ ਦ੍ਰਿਸ਼ਟੀਕੋਣ ਦੇ ਸਮਰਥਨ ਵਿੱਚ, ਉਸ ਨੇ ਕਿਹਾ ਕਿ ਕੁਰਨੇਲਿਯੁਸ ਦੇ ਘਰਾਣੇ ਤੇ ਪਵਿੱਤਰ ਆਤਮਾ ਦੇ ਆਉਣ ਨੇ ਪਤਰਸ ਨੂੰ ਇਹ ਚੇਤੇ ਕਰਾਇਆ ਕਿ ਪਵਿੱਤਰ ਆਤਮਾ ਵਿੱਚ ਬਪਤਿਸਮੇ ਦਾ ਵਿਸ਼ਵਵਿਆਪੀ ਵਾਅਦਾ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦੁਆਰਾ ਸਿੱਖਿਆ ਦਾ ਵਿਸ਼ਾ ਰਿਹਾ ਸੀ (ਰਸੂਲਾਂ ਦੇ ਕਰਤੱਬ 11:15, 16)।

ਪੈਂਟੀਕਾਸਟ ਦੇ ਦਿਨ ਰਸੂਲਾਂ ਦੁਆਰਾ ਕੀਤੇ ਗਏ ਅਨੁਭਵ ਅਤੇ ਕੁਰਨੇਲਿਯੁਸ ਦੇ ਘਰ, ਕੌਟਰੈਲ ਨੇ ਕਿਹਾ, ਚਿੰਨ੍ਹਾਂ ਦੇ ਨਾਲ ਪਵਿੱਤਰ ਆਤਮਾ ਉੰਡੇਲਿਆ ਗਿਆ ਸੀ। ਉਸ ਨੇ ਜ਼ੋਰ ਦਿੱਤਾ ਕਿ ਇਸ ਚਮਤਕਾਰੀ ਘਟਨਾ ਨੂੰ "ਪਵਿੱਤਰ ਆਤਮਾ ਦੇ ਬਪਤਿਸਮੇ" ਦੇ ਸਮਾਨ ਨਹੀਂ ਮੰਨਣਾ ਚਾਹੀਦਾ। ਕੌਟਰੈਲ ਉਹ ਵਿਅਕਤੀ ਹੈ ਜਿਸ ਦਾ ਮੰਨਣਾ ਸੀ ਕਿ ਗੈਰ ਜ਼ੁਬਾਨ ਅਤੇ ਅਗੰਮ ਵਾਕ ਦੀਆਂ ਦਾਤਾਂ ਰਸੂਲੀ ਯੁੱਗ ਦੇ ਨਾਲ ਹੀ ਖਤਮ ਹੋ ਗਈਆਂ ਸਨ, ਉਸ ਦਾ ਮੰਨਣਾ ਹੈ ਕਿ ਰਸੂਲੀ ਕਲੀਸੀਆ ਤੋਂ ਬਾਅਦ ਦੇ ਸਮੇਂ ਵਿੱਚ ਵਿਅਕਤੀਗਤ ਮਸੀਹੀ ਲੋਕਾਂ ਨੂੰ ਪਰਮੇਸ਼ੁਰ ਦੀ ਵੱਲੋਂ ਉਨ੍ਹਾਂ ਦੇ ਆਪਣੇ ਵਿਵੇਕ ਤੇ ਚਮਤਕਾਰ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਫਿਰ ਵੀ, ਉਹ ਦਾਅਵਾ ਜੋ ਕੌਟਰੈਲ ਦੁਆਰਾ ਪੇਸ਼ ਕੀਤਾ ਗਿਆ ਹੈ ਉਸ ਦੇ ਵਿੱਚ ਘੱਟੋ-ਘੱਟ ਚਾਰ ਵਿਚਾਰਾਂ ਦੀ ਕਮੀ ਹੈ।

ਪਹਿਲਾ, ਯਿਸੂ ਜੀ ਉੱਠਣ ਤੋਂ ਬਾਅਦ ਆਖ਼ਰੀ ਵਾਰ ਜਦੋਂ ਰਸੂਲਾਂ ਨੂੰ ਵਿਖਾਈ ਦਿੱਤਾ ਤਾਂ ਉਸ ਨੇ ਵਿਸ਼ੇਸ਼ ਰੂਪ ਵਿੱਚ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਜ਼ਿਕਰ ਕੀਤਾ ਸੀ। ਇਸ ਚੁਣੇ ਹੋਏ ਸਮੂਹ ਨੂੰ (ਰਸੂਲਾਂ ਦੇ ਕਰਤੱਬ 1:2) ਉਸ ਨੇ ਤਦ ਤੱਕ ਯਰੂਸ਼ਲਮ ਵਿੱਚ ਰਹਿਣ ਦਾ ਹੁਕਮ ਦਿੱਤਾ ਸੀ ਜਦੋਂ ਉਨ੍ਹਾਂ ਨੂੰ "ਪਵਿੱਤਰ ਆਤਮਾ ਨਾਲ ਬਪਤਿਸਮਾ ਨਹੀਂ ਦਿੱਤਾ ਜਾਂਦਾ" (ਰਸੂਲਾਂ ਦੇ ਕਰਤੱਬ 1:5), ਜਦੋਂ ਤੱਕ ਉਹ ਪਵਿੱਤਰ ਆਤਮਾ ਕੋਲੋਂ ਸ਼ਕਤੀ ਨਹੀਂ ਪਾਉਂਦੇ ਅਤੇ ਉਸ ਦੇ ਗਵਾਹ ਨਹੀਂ ਬਣਦੇ (ਰਸੂਲਾਂ ਦੇ ਕਰਤੱਬ 1:8)। ਇਹ ਕਹਿਣਾ ਕੁਝ ਜ਼ਿਆਦਾ ਹੀ ਵਿਆਖਿਆ ਹੈ ਕਿ ਰਸੂਲਾਂ ਦੇ ਕਰਤੱਬ 1:2-8 ਦੇ ਹੁਕਮ ਅਤੇ ਵਾਅਦੇ ਉਦੋਂ ਪੂਰੇ ਹੋਏ ਸਨ ਜਦੋਂ ਪੈਂਟੀਕਾਸਟ ਦੇ ਦਿਨ ਭੀੜ ਨੇ ਪਤਰਸ ਦੇ ਉਪਦੇਸ਼ ਦਾ ਉੱਤਰ ਦਿੱਤਾ ਅਤੇ ਬਪਤਿਸਮਾ ਪਾਇਆ (ਰਸੂਲਾਂ ਦੇ ਕਰਤੱਬ 2:41)।

ਦੂਜਾ, ਪਾਣੀ ਦੇ ਬਪਤਿਸਮੇ ਦਾ 1 ਕੁਰਿੰਥੀਆਂ ਵਿੱਚ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਸੀ ਅਤੇ ਇਹ ਹੋਰਨਾਂ ਪੱਤ੍ਰੀਆਂ ਵਿੱਚ ਵੀ ਆਉਂਦਾ ਹੈ। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਬਾਰੇ ਕਿਹਾ ਸੀ, ". . . ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ" (6:11)। ਉਸ ਨੇ ਬਪਤਿਸਮੇ ਦਾ ਇੱਕ ਧੋਣ ਦੇ ਰੂਪ ਵਿੱਚ ਹਵਾਲਾ ਦਿੱਤਾ ਸੀ, ਇੱਕ ਅਜਿਹਾ ਪ੍ਰਤੀਕ ਅਸਾਨੀ ਨਾਲ ਪਵਿੱਤਰ ਆਤਮਾ ਦੇ ਬਪਤਸਿਮੇ ਤੇ ਲਾਗੂ ਨਹੀਂ ਕੀਤਾ ਜਾਂਦਾ। ਰਸੂਲ ਨੇ ਨਾ ਸਿਰਫ ਇਹ ਕਿਹਾ ਕਿ ਵਿਸ਼ਵਾਸੀ ਪਵਿੱਤਰ ਕੀਤੇ ਗਏ ਅਤੇ ਧਰਮੀ ਠਹਿਰਾਏ ਗਏ ਸਨ ਜਦੋਂ ਉਹ ਧੋਤੇ ਗਏ ਸਨ, ਪਰ ਉਸ ਨੇ ਇਹ ਵੀ ਦੱਸਿਆ ਕਿ ਇਹ ਪ੍ਰਕਿਰਿਆ "ਸਾਡੇ ਪਰਮੇਸ਼ੁਰ ਦੇ ਆਤਮਾ" ਤੋਂ ਵੱਲੋਂ ਪੂਰੀ ਕੀਤੀ ਗਈ ਸੀ। ਉਸੇ ਤਰ੍ਹਾਂ, ਪੌਲੁਸ ਨੇ ਕਿਹਾ "ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ" ਦਾ ਅਰਥ ਇਹ ਹੈ ਜਿਸ ਦੇ ਦੁਆਰਾ ਪਰਮੇਸ਼ੁਰ ਨੇ ਆਪਣੀ ਦਯਾ ਕੀਤੀ ਅਤੇ "ਸਾਨੂੰ ਬਚਾਇਆ" (ਤੀਤੁਸ 3:5)। ਪੌਲੁਸ ਨੇ ਕਿਹਾ ਕਿ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ "ਇੱਕੋ ਆਤਮਾ ਨਾਲ"

ਬਪਤਿਸਮਾ ਦਿੱਤਾ ਗਿਆ ਸੀ (1 ਕੁਰਿੰਥੀਆਂ 12:13), ਪਰ ਇਹ ਇਸ ਗੱਲ ਨੂੰ ਸਾਬਤ ਨਹੀਂ ਕਰਦਾ ਕਿ ਉਹ ਪਾਣੀ ਦੇ ਬਪਤਿਸਮੇ ਦੇ ਵਿਰੋਧ ਵਿੱਚ ਪਵਿੱਤਰ ਆਤਮਾ ਦੇ ਬਪਤਿਸਮੇ ਬਾਰੇ ਗੱਲ ਕਰ ਰਿਹਾ ਸੀ। ਪੌਲੁਸ ਨੇ ਬਪਤਿਸਮੇ ਨੂੰ ਇੱਕ ਅਸ਼ਨਾਨ ਦੇ ਰੂਪ ਵਿੱਚ ਵੇਖਿਆ ਸੀ ਅਤੇ ਇਹ ਹਮੇਸ਼ਾ ਆਤਮਾ ਦੇ ਸਵਾਗਤ ਨਾਲ ਜੁੜਿਆ ਹੁੰਦਾ ਸੀ। ਸਿਰਫ ਜਦੋਂ ਸੰਦਰਭ ਮੰਗ ਕਰਦਾ ਹੈ ਤਦ ਹੀ ਪਾਠਕਾਂ ਨੂੰ ਪੌਲੁਸ ਦੁਆਰਾ ਵਰਤੇ ਗਏ "ਬਪਤਿਸਮਾ" ਸ਼ਬਦ ਨੂੰ ਪ੍ਰਤੀਕਾਤਮਕ ਰੂਪ ਵਿੱਚ ਸਮਝਣਾ ਚਾਹੀਦਾ ਹੈ।

ਤੀਜਾ, ਵਿਆਖਿਆਤਮਕ ਮਾਮਲੇ ਦੇ ਰੂਪ ਵਿੱਚ, ਨਵੇਂ ਨੇਮ ਵਿੱਚ ਜਦੋਂ ਬਪਤਿਸਮੇ ਦਾ ਜ਼ਿਕਰ ਕੀਤਾ ਜਾਂਦਾ ਹੈ, ਆਮ ਹਵਾਲਾ ਪਾਣੀ ਦੇ ਬਪਤਿਸਮੇ ਦਾ ਹੈ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਪਾਣੀ ਵਿੱਚ ਬਪਤਿਸਮਾ ਦਿੱਤਾ; ਉਸੇ ਤਰ੍ਹਾਂ ਯਿਸੂ ਦੇ ਚੇਲਿਆਂ ਨੇ ਵੀ ਪਾਣੀ ਵਿੱਚ ਬਪਤਿਸਮਾ ਦਿੱਤਾ (ਯੂਹੰਨਾ 4:1, 2)। ਫ਼ਿਲਿੱਪੁਸ ਅਤੇ ਹਬਸ਼ੀ ਖੋਜਾ "ਪਾਣੀ ਦੇ ਕੋਲ ਅੱਪੜੇ" ਅਤੇ ਖੁਸ਼ਖ਼ਬਰੀ ਪਰਚਾਰਕ ਨੇ ਉਸ ਨੂੰ ਬਪਤਿਸਮਾ ਦਿੱਤਾ (ਰਸੂਲਾਂ ਦੇ ਕਰਤੱਬ 8:36)। ਬਹੁਤ ਸਾਰੇ ਹਵਾਲੇ ਇਸ ਸੱਚਾਈ ਦੀ ਸਿੱਖਿਆ ਦਿੰਦੇ ਹਨ। 1 ਕੁਰਿੰਥੀਆਂ 12:13 ਵਿੱਚ ਬਪਤਿਸਮਾ ਪੂਰੀ ਤਰ੍ਹਾਂ ਪਾਣੀ ਦੇ ਬਪਤਿਸਮੇ ਦੇ ਰੂਪ ਵਿੱਚ ਸਮਝਣਯੋਗ ਹੈ।

ਚੌਥਾ, ਨਵੇਂ ਨੇਮ ਵਿੱਚ ਪਵਿੱਤਰ ਆਤਮਾ ਦਾ ਬਪਤਿਸਮਾ ਸਿਰਫ ਵਾਅਦੇ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਸ਼ਬਦਾਂ ਦੇ ਪੂਰੇ ਹੋਣ ਦੇ ਸੰਬੰਧ ਵਿੱਚ ਆਉਂਦਾ ਹੈ (ਮੱਤੀ 3:11; ਮਰਕੁਸ 1:8; ਲੂਕਾ 3:16; ਰਸੂਲਾਂ ਦੇ ਕਰਤੱਬ 1:5; 11:16)। ਯਿਸੂ ਨੇ ਹੁਣ ਤੋਂ ਆਪਣੇ ਚੇਲਿਆਂ ਨੂੰ ਅੱਗ ਨਾਲ ਨਹੀਂ ਬਲਕਿ ਉਨ੍ਹਾਂ ਸਭਨਾਂ ਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਸੀ। ਪਤਰਸ ਨੇ ਰਸੂਲਾਂ ਦੇ ਕਰਤੱਬ 11:15-17 ਵਿੱਚ ਜਿਸ ਗੱਲ ਦਾ ਵਰਣਨ ਕੀਤਾ ਸੀ ਉਹ ਇੱਕ ਅਨੋਖੀ ਘਟਨਾ ਸੀ ਜੋ ਇਸ ਗੱਲ ਵੱਲ ਇਸ਼ਾਰਾ ਕਰ ਰਹੀ ਸੀ ਕਿ ਗੈਰ ਕੌਮ ਦੇ ਵਿਸ਼ਵਾਸੀਆਂ ਨੂੰ ਪਾਣੀ ਦੇ ਬਪਤਿਸਮੇ ਦੀ ਮਨਾਹੀ ਨਹੀਂ ਸੀ (ਰਸੂਲਾਂ ਦੇ ਕਰਤੱਬ 10:47)। ਜਦੋਂ ਕੁਰਨੇਲਿਯੁਸ ਅਤੇ ਉਸ ਦੇ ਘਰਾਣੇ ਨੂੰ "ਯਿਸੂ ਮਸੀਹ ਦੇ ਨਾਮ ਉੱਤੇ" (ਰਸੂਲਾਂ ਦੇ ਕਰਤੱਬ 10:48) ਬਪਤਿਸਮਾ ਦਿੱਤਾ ਗਿਆ ਸੀ, ਸਿਰਫ ਉਦੋਂ ਹੀ ਉਨ੍ਹਾਂ ਨੂੰ ਕੁਰਿੰਥੁਸ ਦੇ ਵਿਸ਼ਵਾਸੀਆਂ ਦੇ ਵਾਂਗ **ਇੱਕ ਆਤਮਾ ਪਿਆਇਆ ਗਿਆ** ਸੀ। ਜਦੋਂ ਉਨ੍ਹਾਂ ਨੇ ਬਪਤਿਸਮਾ ਲਿਆ ਸੀ ਤਦ ਹੀ ਉਹ ਧੋਤੇ ਗਏ, ਪਵਿੱਤਰ ਕੀਤੇ ਗਏ ਅਤੇ ਧਰਮੀ ਠਹਿਰਾਏ ਗਏ ਸਨ। ਨਹੀਂ ਤਾਂ, ਉਨ੍ਹਾਂ ਦਾ ਪਾਣੀ ਵਿੱਚ ਬਪਤਿਸਮਾ ਲੈਣਾ ਵਿਅਰਥ ਹੋਣਾ ਸੀ।

## "ਇੱਕ ਸਰੀਰ ਪਰ ਬਹੁਤ ਸਾਰੇ ਅੰਗ" (12:14-26)

ਆਤਮਿਕ ਦਾਤਾਂ ਦਾ ਵਰਣਨ ਕਰਨ ਅਤੇ ਉਨ੍ਹਾਂ ਨੂੰ "ਆਤਮਾ ਦਾ [ਦੇ] ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ" (12:7) ਐਲਾਨਣ ਤੋਂ ਬਾਅਦ, ਪੌਲੁਸ ਨੇ ਜੋ ਕਿਹਾ ਸੀ ਉਸ ਦੇ ਬਾਰੇ ਵਿਹਾਰਕ ਅਰਥ ਵਿਕਸਤ ਕੀਤੇ। 12:12 ਵਿੱਚ, ਉਸ ਨੇ ਪੁਸ਼ਟੀ ਕੀਤੀ ਸੀ ਕਿ "ਸਰੀਰ ਇੱਕ ਹੈ"; ਪਰ ਕਲੀਸੀਆ, ਸਰੀਰਕ ਦੇਹ ਦੇ ਵਾਂਗ, ਉਦੇਸ਼ਪੂਰਣ ਢੰਗ ਨਾਲ ਕੰਮ ਕਰਨ ਦੇ ਲਈ ਬਹੁਤ ਸਾਰੇ ਅੰਗਾਂ ਦੇ ਰਲ ਕੇ ਕੰਮ ਕਰਨ ਦੀ ਮੰਗ ਕਰਦੀ ਹੈ। ਜਦੋਂ ਕੁਰਿੰਥੁਸ ਵਿੱਚ ਮਸੀਹੀ ਲੋਕਾਂ ਨੇ ਸਿਰਫ ਉਨ੍ਹਾਂ ਦਾਤਾਂ ਤੇ ਧਿਆਨ ਕੇਂਦਰਿਤ ਕੀਤਾ ਜਿਨ੍ਹਾਂ ਨੂੰ ਉਹ ਲੋੜੀਂਦੀਆਂ ਸਮਝਦੇ ਸਨ, ਉਹ ਪੂਰੀ ਦੇਹ ਨੂੰ ਕਮਜ਼ੋਰ ਕਰ ਰਹੇ ਸਨ। ਅਨੇਕ ਪਰਕਾਰ ਦੀਆਂ ਭਾਸ਼ਾਂ ਦੀਆਂ ਦਾਤਾਂ ਨੂੰ ਸੂਚੀ ਦੇ ਅੰਤ ਵਿੱਚ ਰੱਖਣ ਤੋਂ (12:10) ਪੌਲੁਸ ਦਾ

ਅਰਥ ਇਹ ਨਹੀਂ ਸੀ ਕਿ ਇਹ ਆਤਮਾ ਦਾ ਛੋਟਾ ਦਾਨ ਸੀ, ਕਿਉਂਕਿ ਕੋਈ ਵੀ ਦਾਨ ਛੋਟਾ ਨਹੀਂ ਸੀ। ਉਹ ਇਹ ਸੁਝਾਅ ਦੇ ਰਿਹਾ ਸੀ ਕਿ ਕੁਰਿੰਥੁਸ ਵਿੱਚ ਕੁਝ ਲੋਕ ਦਾਤ ਨੂੰ ਬਹੁਤ ਜ਼ਿਆਦਾ ਹੀ ਮਹੱਤਵ ਦਿੰਦੇ ਸਨ। ਕੁਰਿੰਥੁਸ ਦੇ ਲੋਕ ਉਨ੍ਹਾਂ ਦਾਤਾਂ ਦਾ ਮੁਲਾਂਕਣ ਕਰ ਰਹੇ ਸਨ ਜੋ ਆਤਮਾ ਨੇ ਕਲੀਸੀਆ ਦੀ ਉੱਨਤੀ ਦੇ ਲਈ ਦਿੱਤੀਆਂ ਸਨ ਅਤੇ ਇਸ ਦੇ ਕਾਰਨ ਕਲੀਸੀਆ ਵਿੱਚ ਵੰਡ ਪੈ ਗਈ ਸੀ। ਸਰੀਰ ਜਾਂ ਕਲੀਸੀਆ ਦੀ ਏਕਤਾ ਪੌਲੁਸ ਦੇ ਮਨ ਤੋਂ ਕਦੇ ਦੂਰ ਨਹੀਂ ਸੀ ਜਦੋਂ ਉਸ ਨੇ 1 ਕੁਰਿੰਥੀਆਂ ਦੀ ਪੱਤ੍ਰੀ ਲਿਖੀ, ਪਰ ਏਕਤਾ ਲਈ ਉਸ ਦੀ ਇਹ ਚਿੰਤਾ ਸਰੀਰ ਵਿੱਚ ਆਤਮਿਕ ਦਾਤਾਂ ਦੇ ਬਾਰੇ ਉਸ ਦੀ ਚਰਚਾ ਤੋਂ ਇਲਾਵਾ ਹੋਰ ਕਿਤੇ ਵੀ ਸਪੱਸ਼ਟ ਨਹੀਂ ਹੈ।

**[14]ਸਰੀਰ ਤਾਂ ਇੱਕੋ ਅੰਗ ਨਹੀਂ ਸਗੋਂ ਬਹੁਅੰਗਾ ਹੈ। [15]ਜੇ ਪੈਰ ਆਖੇ ਭਈ ਮੈਂ ਹੱਥ ਜੋ ਨਹੀਂ
ਇਸ ਲਈ ਸਰੀਰ ਦਾ ਨਹੀਂ ਹਾਂ, ਤਾਂ ਭਲਾ, ਉਹ ਇਸ ਕਾਰਨ ਸਰੀਰ ਦਾ ਨਹੀਂ ਹੈ?
[16]ਅਤੇ ਜੇ ਕੰਨ ਆਖੇ ਭਈ ਮੈਂ ਅੱਖ ਜੋ ਨਹੀਂ ਇਸ ਲਈ ਸਰੀਰ ਦਾ ਨਹੀਂ ਹਾਂ, ਤਾਂ ਭਲਾ,
ਉਹ ਇਸ ਕਾਰਨ ਸਰੀਰ ਦਾ ਨਹੀਂ ਹੈ? [17]ਜੇ ਸਾਰਾ ਸਰੀਰ ਅੱਖ ਹੀ ਹੁੰਦਾ ਤਾਂ ਸੁਣਨਾ
ਕਿੱਥੇ ਹੁੰਦਾ? ਜੇ ਸਾਰਾ ਸੁਣਨਾ ਹੀ ਹੁੰਦਾ ਤਾਂ ਸੁੰਘਣਾ ਕਿੱਥੇ ਹੁੰਦਾ? [18]ਪਰ ਹੁਣ ਪਰਮੇਸ਼ੁਰ
ਨੇ ਜਿਸ ਪਰਕਾਰ ਉਹ ਨੂੰ ਭਾਉਂਦਾ ਸੀ ਅੰਗਾਂ ਨੂੰ ਇੱਕ ਇੱਕ ਕਰਕੇ ਸਰੀਰ ਵਿੱਚ
ਰੱਖਿਆ ਹੈ। [19]ਪਰ ਜੇ ਓਹ ਸੱਭੇ ਇੱਕੋ ਹੀ ਅੰਗ ਹੁੰਦੇ ਤਾਂ ਸਰੀਰ ਕਿੱਥੇ ਹੁੰਦਾ? [20]ਪਰ
ਹੁਣ ਤਾਂ ਬਾਹਲੇ ਅੰਗ ਹਨ ਪਰ ਸਰੀਰ ਇੱਕੋ ਹੈ। [21]ਅੱਖ ਹੱਥ ਨੂੰ ਨਹੀਂ ਆਖ ਸੱਕਦੀ
ਭਈ ਮੈਨੂੰ ਤੇਰੀ ਕੋਈ ਲੋੜ ਨਹੀਂ, ਨਾ ਸਿਰ ਪੈਰਾਂ ਨੂੰ ਭਈ ਮੈਨੂੰ ਤੁਹਾਡੀ ਕੋਈ ਲੋੜ ਨਹੀਂ।
[22]ਪਰ ਸਰੀਰ ਦੇ ਜਿਹੜੇ ਅੰਗ ਹੋਰਨਾਂ ਨਾਲੋਂ ਨਿਰਬਲ ਦਿੱਸਦੇ ਹਨ ਓਹੋ ਅੱਤ ਲੋੜੀਦੇ
ਹਨ। [23]ਅਤੇ ਸਰੀਰ ਦਿਆਂ ਜਿਨ੍ਹਾਂ ਅੰਗਾਂ ਨੂੰ ਅਸੀਂ ਹੋਰਨਾਂ ਨਾਲੋਂ ਨਿਰਾਦਰੇ ਸਮਝਦੇ ਹਾਂ
ਓਹਨਾਂ ਦਾ ਬਹੁਤ ਵਧਕੇ ਆਦਰ ਕਰਦੇ ਹਾਂ ਅਤੇ ਸਾਡੇ ਕੁਸੋਹਣੇ ਅੰਗ ਬਹੁਤ ਵਧਕੇ
ਸੋਹਣੇ ਹੋ ਜਾਂਦੇ ਹਨ। [24]ਪਰ ਸਾਡੇ ਸੋਹਣੇ ਅੰਗਾਂ ਨੂੰ ਕੋਈ ਲੋੜ ਨਹੀਂ ਪਰੰਤੂ ਜਿਹੜੇ ਅੰਗ
ਨੂੰ ਕੁਝ ਘਾਟਾ ਸੀ ਉਹ ਨੂੰ ਪਰਮੇਸ਼ੁਰ ਨੇ ਹੋਰ ਵੀ ਵਧੀਕ ਆਦਰ ਦੇ ਕੇ ਸਰੀਰ ਨੂੰ
ਜੋੜਿਆ। [25]ਭਈ ਸਰੀਰ ਵਿੱਚ ਫੋਟਕ ਨਾ ਪਵੇ ਸਗੋਂ ਅੰਗ ਇੱਕ ਦੂਏ ਦੇ ਲਈ ਇੱਕ
ਸਮਾਨ ਚਿੰਤਾ ਕਰਨ। [26]ਅਤੇ ਜੇ ਇੱਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ
ਦੁਖੀ ਹੁੰਦੇ ਹਨ ਅਤੇ ਜੇ ਇੱਕ ਅੰਗ ਦਾ ਆਦਰ ਹੋਵੇ ਤਾਂ ਸਾਰੇ ਅੰਗ ਉਹ ਦੇ ਨਾਲ
ਅਨੰਦ ਹੁੰਦੇ ਹਨ।**

**ਆਇਤ 14.** ਪੌਲੁਸ ਇਨ੍ਹਾਂ ਮਸੀਹੀ ਲੋਕਾਂ ਨੂੰ ਇੱਕ **ਸਰੀਰ** ਦੇ ਸੁਭਾਅ ਅਤੇ **ਬਹੁਅੰਗਾਂ** ਦੇ ਮਹੱਤਵ ਬਾਰੇ ਸਮਝਾਉਣਾ ਚਾਹੁੰਦਾ ਸੀ। ਮਸੀਹ ਦੀ ਦੇਹ ਦੀ ਤੰਦਰੁਸਤੀ ਦੇ ਲਈ ਇਹ ਮਹੱਤਵਪੂਰਣ ਸੀ ਕਿ ਹਰੇਕ ਮਸੀਹੀ ਮਰਦ ਅਤੇ ਔਰਤ ਵੱਡੀ ਤੰਦਰੁਸਤੀ ਵਿੱਚ ਆਪਣੇ ਹਿੱਸੇ ਨੂੰ ਸਮਝੇ ਜਿਸ ਦੇ ਨਾਲ ਕਲੀਸੀਆ ਗਠਿਤ ਹੁੰਦੀ ਸੀ। ਕਲੀਸੀਆ ਦੇ ਹਰੇਕ ਮੈਂਬਰ ਨੂੰ ਦੂਜੇ ਮਸੀਹੀ ਲੋਕਾਂ ਦੁਆਰਾ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਪ੍ਰਸ਼ੰਸਾ ਕਰਨ ਦੀ ਲੋੜ ਸੀ ਅਤੇ ਜਿਵੇਂ ਹੀ ਮੌਕਾ ਮਿਲਦਾ ਸੀ, ਹਰੇਕ ਨੇ ਦੂਜਿਆਂ ਨੂੰ ਸਵੀਕਾਰ ਕਰਨਾ ਸੀ। ਸਭ ਤੋਂ ਪਹਿਲਾਂ ਤਾਂ ਇਹ ਮਹੱਤਵਪੂਰਣ ਸੀ ਕਿ ਕੁਰਿੰਥੁਸ ਦੇ ਲੋਕ ਸਭਨਾਂ ਦੇ ਭਲੇ ਲਈ ਆਪਣੀ ਚਿੰਤਾ ਦੀ ਧਾਰਣਾ ਨੂੰ ਅਪਨਾਉਣ। ਕਿਸੇ ਨੇ ਦੂਜੇ ਤੇ ਹਾਵੀ ਨਹੀਂ ਸੀ ਹੋਣਾ, ਹਰੇਕ ਨੇ ਆਪਣਾ-ਆਪਣਾ ਯੋਗਦਾਨ ਦੇਣਾ ਸੀ। ਮਸੀਹੀ ਲੋਕ ਇੱਕ ਦੂਜੇ ਨਾਲ ਮੁਕਾਬਲੇਬਾਜ਼ੀ

ਕਰ ਰਹੇ ਸਨ। ਕਿਸੇ ਇੱਕ ਵਿਸ਼ਵਾਸੀ ਦੀ ਬਰਕਤ ਸਾਰਿਆਂ ਦੇ ਲਈ ਬਰਕਤ ਸੀ।

ਯੂਨਾਨੀ-ਰੋਮੀ ਸਮਾਜ ਵਿੱਚ ਆਰਥਿਕ ਤੌਰ ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਵਾਲਿਆਂ ਦੇ ਪ੍ਰਚਾਰ ਪ੍ਰਸਾਰ ਦਾ ਹਿੱਸਾ ਇਹ ਧਾਰਣਾ ਸੀ ਕਿ ਜਦੋਂ ਕੁਝ ਨਾਗਰਿਕ ਸਫ਼ਲ ਹੁੰਦੇ ਸਨ, ਤਾਂ ਇਸ ਦੇ ਲਾਭ ਹਰੇਕ ਨੂੰ ਹੁੰਦੇ ਸਨ। ਯਿਸੂ ਦੇ ਜਨਮ ਦੇ ਨੇੜੇ ਤੇੜੇ, ਰੋਮੀ ਇਤਹਾਸਕਾਰ ਲਿਵੀ (59-17 ਈਸਾ ਪੂਰਵ) ਨੇ ਰੋਮੀ ਵਿਸ਼ੇਸ਼ ਵਰਗ ਦੇ ਵਿਸ਼ੇਸ਼ ਅਧਿਕਾਰਾਂ ਨੂੰ ਸਹੀ ਠਹਿਰਾਉਣ ਦੇ ਲਈ ਰੋਮੀ ਸੀਨੇਟਰ ਦੁਆਰਾ ਦੱਸੀ ਇੱਕ ਕਹਾਣੀ ਬਾਰੇ ਲਿਖਿਆ:

> ਉਨ੍ਹਾਂ ਦਿਨਾਂ ਵਿੱਚ ਜਦੋਂ ਮਨੁੱਖ ਦੇ ਅੰਗ ਆਪਣੇ ਆਪ ਵਿੱਚ ਸਹਿਮਤ ਨਹੀਂ ਸੀ ਹੁੰਦੇ, ਜਿਵੇਂ ਕਿ ਹੁਣ ਵੀ ਹਾਲਾਤ ਏਦਾਂ ਦੇ ਹੀ ਹਨ, ਪਰ ਹਰੇਕ ਦੇ ਆਪਣੇ-ਆਪਣੇ ਵਿਚਾਰ ਅਤੇ ਆਪਣੀ-ਆਪਣੀ ਅਵਾਜ਼ ਹੁੰਦੀ ਸੀ, ਦੂਜੇ ਹਿੱਸੇ ਇਹ ਅਣਉਚਿਤ ਸਮਝਦੇ ਸਨ ਕਿ ਪੇਟ ਦੇ ਲਈ ਹਰ ਚੀਜ਼ ਮੁਹੱਈਆ ਕਰਨ ਦੇ ਲਈ ਉਨ੍ਹਾਂ ਨੂੰ ਕਸ਼ਟ ਸਹਿਣਾ ਪਵੇਗਾ ਅਤੇ ਮਿਹਨਤ ਕਰਨੀ ਪਵੇਗੀ, ਜਦਕਿ ਪੇਟ ਉਨ੍ਹਾਂ ਦੇ ਵਿੱਚ ਬਿਨਾਂ ਕੁਝ ਕੀਤੇ ਸ਼ਾਂਤ ਰਹਿੰਦਾ ਸੀ ਪਰ ਉਨ੍ਹਾਂ ਚੰਗੀਆਂ ਚੀਜ਼ਾਂ ਦਾ ਅਨੰਦ ਮਾਣਦਾ ਸੀ ਜੋ ਉਸ ਨੂੰ ਦਿੱਤੀਆਂ ਜਾਂਦੀਆਂ ਸਨ; ਇਸ ਲਈ ਉਨ੍ਹਾਂ ਨੇ ਇਹ ਸਾਜਿਸ਼ ਰਚੀ ਕਿ ਹੱਥਾਂ ਨੂੰ ਮੂੰਹ ਤੱਕ ਭੋਜਨ ਨਹੀਂ ਪਹੁੰਚਾਉਣਾ ਚਾਹੀਦਾ, ਨਾ ਹੀ ਮੂੰਹ ਨੂੰ ਕਿਸੇ ਵੀ ਚੀਜ਼ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਜੋ ਉਸ ਨੂੰ ਦਿੱਤੀ ਜਾਂਦੀ ਸੀ, ਨਾ ਹੀ ਦੰਦਾਂ ਨੂੰ ਉਹ ਚਬਾਉਣਾ ਚਾਹੀਦਾ ਹੈ ਜੋ ਇਨ੍ਹਾਂ ਨੂੰ ਮਿਲਦਾ ਹੈ। ਜਦਕਿ ਉਨ੍ਹਾਂ ਨੇ ਗੁੱਸੇ ਵਾਲੀ ਭਾਵਨਾ ਦੇ ਨਾਲ ਪੇਟ ਨੂੰ ਭੁੱਖਾ ਰੱਖਣਾ ਚਾਹਿਆ, ਅੰਗ ਆਪਣੇ ਆਪ ਵਿੱਚ ਅਤੇ ਸਾਰਾ ਸਰੀਰ ਬਹੁਤ ਜ਼ਿਆਦਾ ਕਮਜ਼ੋਰ ਹੋ ਗਿਆ। ਇਸ ਤਰ੍ਹਾਂ ਇਹ ਸਪੱਸ਼ਟ ਹੋ ਗਿਆ ਕਿ ਪੇਟ ਵੀ ਬੇਕਾਰ ਵਿੱਚ ਕੰਮ ਨਹੀਂ ਸੀ ਕਰਦਾ ਅਤੇ ਜਦੋਂ ਤੱਕ ਇਸ ਦਾ ਪਾਲਣ ਪੋਸ਼ਣ ਨਹੀਂ ਹੁੰਦਾ ਤਾਂ ਬਾਕੀ ਦਾ ਸਰੀਰ ਵੀ ਕਮਜ਼ੋਰ ਹੋ ਜਾਂਦਾ ਹੈ ਕਿਉਂਕਿ ਇਹ ਸਰੀਰ ਦੇ ਸਾਰੇ ਅੰਗਾਂ ਤੱਕ ਪੋਸ਼ਣ ਪਹੁੰਚਾਉਂਦਾ ਹੈ ਜਿਸ ਦੇ ਨਾਲ ਅਸੀਂ ਜ਼ਿੰਦਾ ਰਹਿੰਦੇ ਅਤੇ ਵਧਦੇ ਫੁੱਲਦੇ ਹਾਂ . . . ।[12]

ਆਰਥਿਕ ਖੇਤਰ ਵਿੱਚ ਇਤਹਾਸਕਾਰ ਦੀਆਂ ਦਲੀਲਾਂ ਦੀ ਵੈਧਤਾ ਤੇ ਸਵਾਲ ਖੜ੍ਹਾ ਹੋ ਸਕਦਾ ਹੈ, ਪਰ ਇਹ ਸੱਚ ਹੈ ਕਿ ਕਲੀਸੀਆ ਦੀ ਸਮੁੱਚੀ ਦੇਹ ਉਨ੍ਹਾਂ ਦਾਤਾਂ ਤੋਂ ਲਾਭ ਉਠਾਉਂਦੀ ਹੈ ਜੋ ਪਰਮੇਸ਼ੁਰ ਇਕੱਲੇ-ਇਕੱਲੇ ਵਿਅਕਤੀ ਨੂੰ ਦਿੰਦਾ ਹੈ। ਪੌਲੁਸ ਉਸ ਕਿਸਮ ਦੀ ਦਲੀਲ ਤੋਂ ਵਾਕਫ਼ ਹੋਵੇਗਾ ਜਾਂ ਨਹੀਂ ਵੀ ਹੋਵੇਗਾ ਜੋ ਲਿਵੀ ਦੁਆਰਾ ਪੇਸ਼ ਕੀਤੀ ਗਈ ਸੀ, ਪਰ ਯੂਨਾਨੀ-ਰੋਮੀ ਸੰਸਾਰ ਵਿੱਚ ਸਰੀਰ ਦੇ ਸਾਰੇ ਅੰਗਾਂ ਨੂੰ ਸਮਾਜਿਕ ਤੰਦਰੁਸਤੀ ਅਤੇ ਉੱਨਤੀ ਦੀ ਭਲਾਈ ਦੇ ਲਈ ਕੰਮ ਕਰਨ ਤੇ ਲਾਗੂ ਕਰਨਾ ਆਮ ਗੱਲ ਸੀ।

**ਆਇਤ 15.** ਨਿਰੀਖਣਾਂ ਦੀ ਇੱਕ ਲੜੀ ਦੇ ਨਾਲ, ਪੌਲੁਸ ਨੇ ਆਪਣੀ ਲੋੜ ਅਤੇ ਫਾਇਦੇ ਦੀ ਸੱਚਾਈ ਤੇ ਜ਼ੋਰ ਦਿੱਤਾ ਸੀ। ਉਸ ਨੇ ਵਿਖਾਇਆ ਕਿ **ਪੈਰ** ਦਾ ਕੰਮ **ਹੱਥ** ਦੇ ਨਾਲੋਂ ਮਹੱਤਵਪੂਰਣ ਨਹੀਂ ਹੈ, ਪਰ ਇਹ ਓਨਾ ਹੀ ਜ਼ਰੂਰੀ ਹੈ। ਜੇਕਰ ਪੈਰ ਕਹਿੰਦਾ ਹੈ, **ਮੈਂ ਸਰੀਰ ਦਾ ਹਿੱਸਾ ਨਹੀਂ ਹਾਂ**, ਤਾਂ ਇਸ ਤਰ੍ਹਾਂ ਕਹਿਣ ਨਾਲ ਸਰੀਰ ਦੇ ਲਈ ਦਿੱਤਾ ਜਾਣ ਵਾਲਾ ਉਸ ਦਾ ਯੋਗਦਾਨ ਖਤਮ ਨਹੀਂ ਹੁੰਦਾ। ਪੈਰ ਅਤੇ ਹੱਥ ਦੇ ਸੰਬੰਧ ਨੂੰ ਇੱਕ ਦੂਜੇ ਤੋਂ ਵੱਖਰਾ ਕਰਨਾ ਨਾ ਤਾਂ ਸੰਭਵ ਹੈ ਨਾ ਹੀ ਲੋੜੀਂਦਾ ਹੈ। ਇਹ ਨਿਸ਼ਚਤ ਹੈ ਕਿ ਇੱਕ ਕੰਮ ਦੀ ਉਪਯੋਗਤਾ ਇਸ ਦੇ ਦਿਖਾਵੇ ਵਰਗੀ ਨਹੀਂ ਹੈ। ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਸਰੀਰ ਦਾ ਇੱਕ

ਹਿੱਸਾ ਇਸ ਮਾਮਲੇ ਵਿੱਚ, ਪੈਰ ਵਿਸ਼ਵਾਸ ਕਰਦਾ ਹੈ ਕਿ ਇਸ ਨੂੰ ਇਸ ਦੇ ਕੰਮ ਦੇ ਲਈ ਸਹੀ ਪਹਿਚਾਣ ਨਹੀਂ ਮਿਲ ਰਹੀ ਹੈ। ਰਸੂਲ ਦੀ ਗੱਲ ਸਪੱਸ਼ਟ ਹੈ: ਸਰੀਰ ਦੇ ਕਿਸੇ ਵੀ ਅੰਗ ਦੇ ਲਈ ਇਹ ਭੁੱਲ ਕੇ ਕਿ ਇਹ ਪੂਰੇ ਸਰੀਰ ਦੇ ਨਾਲ ਜੁੜਿਆ ਹੋਇਆ ਹੈ ਇਸ ਦੇ ਆਪਣੇ ਵਿਅਕਤੀਗਤ ਫਾਇਦੇ ਨੂੰ ਭਾਲਣਾ ਸਭ ਤੋਂ ਵੱਡੀ ਮੂਰਖਤਾ ਹੈ। ਸਰੀਰ ਦਾ ਕੋਈ ਵੀ ਅੰਗ ਸਮੁੱਚੇ ਸਰੀਰ ਤੋਂ ਅਲੱਗ ਹੋ ਕੇ ਵੱਧ ਫੁੱਲ ਨਹੀਂ ਸਕਦਾ।

ਪੌਲੁਸ ਦੀਆਂ ਦਲੀਲਾਂ ਕੁਰਿੰਥੁਸ ਦੀ ਕਲੀਸੀਆ ਵਿੱਚ ਮਾਮੂਲੀ ਈਰਖਾਵਾਂ ਅਤੇ ਫੋਟਕਾਂ ਦੇ ਪ੍ਰਤੀ ਉਸ ਦਾ ਜਵਾਬ ਸੀ। ਜਿਨ੍ਹਾਂ ਨੂੰ ਆਤਮਿਕ ਦਾਤਾਂ ਮਿਲੀਆਂ ਹੋਈਆਂ ਸਨ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਮਹੱਤਵ ਨੂੰ ਘੱਟ ਨਹੀਂ ਸੀ ਆਂਕਣਾ ਜਿਨ੍ਹਾਂ ਦੇ ਕੋਲ ਆਤਮਿਕ ਦਾਤਾਂ ਨਹੀਂ ਸਨ। ਇਸ ਦੇ ਉਲਟ, ਜਿਨ੍ਹਾਂ ਦੀਆਂ ਦਾਤਾਂ ਵੱਲ ਲੋਕ ਘੱਟ ਧਿਆਨ ਦਿੰਦੇ ਸਨ ਉਨ੍ਹਾਂ ਨੇ ਉਨ੍ਹਾਂ ਦਾਤਾਂ ਦਾ ਲਾਲਚ ਨਹੀਂ ਸੀ ਕਰਨਾ ਜਿਨ੍ਹਾਂ ਵੱਲ ਲੋਕ ਜ਼ਿਆਦਾ ਧਿਆਨ ਦਿੰਦੇ ਸਨ।

**ਆਇਤ 16.** ਪੌਲੁਸ ਦੇ ਉਦਾਹਰਣ ਦਾ ਪਹਿਲਾ ਹਿੱਸਾ ਪੈਰ ਅਤੇ ਹੱਥ ਨੂੰ ਤੁਲਨਾ ਵਿੱਚ ਰੱਖਦਾ ਹੈ; ਦੂਜਾ ਦੋ ਗਿਆਨ ਇੰਦਰੀਆਂ ਅਰਥਾਤ **ਕੰਨ** ਅਤੇ **ਅੱਖ** ਤੇ ਧਿਆਨ ਕੇਂਦਰਿਤ ਕਰਦਾ ਹੈ। ਰਸੂਲ ਸਰੀਰ ਦੇ ਅੰਗਾਂ ਵਿੱਚ ਨਿਰਭਰਤਾ ਦੀਆਂ ਅਭਿੰਨ ਕਿਸਮਾਂ ਦੀ ਤੁਲਨਾ ਕਰਨ ਦੀ ਕੋਸ਼ਿਸ਼ ਨਹੀਂ ਸੀ ਕਰ ਰਿਹਾ। ਉਹ ਇਹ ਮਿਸਾਲ ਦੇ ਰਿਹਾ ਸੀ ਕਿ ਕਲੀਸੀਆ ਦੀ ਤੰਦਰੁਸਤੀ ਉਨ੍ਹਾਂ ਵਿਅਕਤੀਆਂ ਨਾਲ ਮੇਲ ਖਾਂਦੀ ਹੈ ਜਿਹੜੇ ਕਲੀਸੀਆ ਵਿੱਚ ਸ਼ਾਮਲ ਹੁੰਦੇ ਹਨ। ਤੁਲਨਾਵਾਂ ਬਾਅਦ ਵਿੱਚ ਕੀਤੀਆਂ ਗਈਆਂ ਸਨ (12:21); ਪਰ ਇਸ ਵਕਤ, ਪੌਲੁਸ ਨੇ ਸਿਰਫ ਪੈਰ ਅਤੇ ਕੰਮ ਦਾ ਵਰਣਨ ਕੀਤਾ ਜੋ ਉਨ੍ਹਾਂ ਦੀ ਅੰਤਰ ਨਿਰਭਰਤਾ ਤੇ ਜ਼ੋਰ ਦੇ ਰਹੇ ਸਨ। ਇਸ ਉਦਾਹਰਣ ਵਿੱਚ, ਪੈਰ ਨੂੰ ਇਸ ਤਰ੍ਹਾਂ ਵਿਖਾਇਆ ਗਿਆ ਹੈ ਕਿ ਉਸ ਨੂੰ ਹੱਥ ਦੇ ਕੰਮ ਵਿੱਚ ਕੋਈ ਦਿਲਚਸਪੀ ਨਹੀਂ ਹੈ ਹਾਂ ਇਹ ਉਸ ਦੀ ਪ੍ਰਸ਼ੰਸਾ ਨਹੀਂ ਕਰਦਾ, ਨਾ ਹੀ ਕੰਨ ਨੂੰ ਅੱਖ ਵਿੱਚ ਕੋਈ ਦਿਲਚਸਪੀ ਹੈ।

ਰਸੂਲ ਦੇ ਉਦਾਹਰਣ ਵਿੱਚ, ਪੈਰ ਅਤੇ ਕੰਨ ਉਨ੍ਹਾਂ ਦੀ ਆਪਣੀ-ਆਪਣੀ ਛੋਟੀ ਜਿਹੀ ਦੁਨੀਆ ਵਿੱਚ ਮਗਨ ਹਨ ਅਤੇ ਉਨ੍ਹਾਂ ਨੂੰ ਉਸ ਦੀ ਕੋਈ ਪਰਵਾਹ ਨਹੀਂ ਹੈ ਜੋ ਉਹ ਪੂਰੇ ਸਰੀਰ ਨੂੰ ਦਿੰਦੇ ਜਾਂ ਲੈਂਦੇ ਹਨ। ਵਿਅਕਤੀਵਾਦ ਉਸ ਵਿਅਕਤੀ ਦੇ ਲਈ ਇੱਕ ਗੁਣ ਹੈ ਜਿਹੜਾ ਸਰਹੱਦ ਵਸਾ ਰਿਹਾ ਹੈ, ਪਰ ਇਹ ਉਨ੍ਹਾਂ ਲੋਕਾਂ ਦੀ ਭਲਾਈ ਦੇ ਲਈ ਕੰਮ ਨਹੀਂ ਕਰਦਾ ਜਿਨ੍ਹਾਂ ਨੂੰ ਆਤਮਿਕ, ਭਾਵਨਾਤਮਕ ਅਤੇ ਸਰੀਰਕ ਖੁਸ਼ਹਾਲੀ ਦੇ ਲਈ ਇੱਕ ਦੂਜੇ ਤੇ ਨਿਰਭਰ ਰਹਿਣਾ ਚਾਹੀਦਾ ਹੈ। ਪੈਰ ਅਤੇ ਕੰਨ ਦੇ ਪ੍ਰਤੀਤ, ਬੇਸ਼ੱਕ, ਕੁਰਿੰਥੁਸ ਵਿੱਚ ਆਤਮਾ ਦੀ ਵੱਲੋਂ ਦਾਤਾਂ ਪ੍ਰਾਪਤ ਕਰਨ ਵਾਲੇ ਕੁਝ ਭਰਾਵਾਂ ਦੀ ਅਸੰਵੇਦਸ਼ੀਲਤਾ ਦੇ ਨੁਮਾਇੰਦੇ ਹਨ।

**ਆਇਤ 17.** ਪੌਲੁਸ ਨੂੰ ਸਰੀਰ ਦੇ ਲਈ ਦਿੱਤੇ ਜਾਣ ਵਾਲੇ ਕੰਨ ਦੇ ਯੋਗਦਾਨ ਤੋਂ ਵੱਧ ਕੇ ਅੱਖ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਸ ਦੀ ਚਿੰਤਾ ਉਨ੍ਹਾਂ ਦੀ ਅੰਤਰ-ਨਿਰਭਰਤਾ ਸੀ। ਸਰੀਰ ਦਾ ਕੋਈ ਵੀ ਹਿੱਸਾ ਬਾਕੀ ਹਿੱਸਿਆ ਤੋਂ ਬਿਨਾਂ ਕੰਮ ਨਹੀਂ ਕਰ ਸਕਦਾ। ਰਸੂਲ ਨੇ ਪੁੱਛਿਆ, **ਜੇ ਸਾਰਾ ਸਰੀਰ ਅੱਖ ਹੀ ਹੁੰਦਾ ਤਾਂ ਸੁਣਨਾ ਕਿੱਥੇ ਹੁੰਦਾ?** ਇਹ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਸੂਲ ਇਸ ਚਰਚਾ ਵੱਲ ਜਾਣ ਦੇ ਲਈ ਸਾਵਧਾਨ ਰਿਹਾ ਹੋਵੇਗਾ ਕਿ ਅੱਖ ਜਾਂ ਕੰਨ, ਹੱਥ ਜਾਂ ਪੈਰ ਸਮੁੱਚੇ ਸਰੀਰ ਦੇ ਲਈ ਜ਼ਿਆਦਾ ਯੋਗਦਾਨ ਦਿੰਦਾ ਹੈ ਜਾਂ ਨਹੀਂ।

ਕੁਰਿੰਥੁਸ ਦੇ ਲੋਕਾਂ ਨੂੰ ਨਿਸ਼ਚਤ ਤੌਰ ਤੇ ਇਸ ਦੇ ਬਾਰੇ ਕੋਈ ਸੰਦੇਹ ਨਹੀਂ ਸੀ ਕਿ

ਪੌਲੁਸ ਦਾ ਇਸ ਉਦਾਹਰਣ ਤੋਂ ਕੀ ਅਰਥ ਸੀ। ਇਸ ਤੋਂ ਪਹਿਲਾਂ ਕਿ ਉਹ ਇਸ ਨੂੰ ਸਮਝਦੇ ਉਨ੍ਹਾਂ ਨੇ ਸ਼ਾਇਦ ਤੁਲਨਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ, ਉਸੇ ਤਰ੍ਹਾਂ ਜਿਵੇਂ ਯਿਸੂ ਨੂੰ ਸੁਣਨ ਵਾਲੇ ਉਸ ਦੇ ਦ੍ਰਿਸ਼ਟਾਂਤਾਂ ਵਿੱਚ ਫੜੇ ਗਏ ਸਨ। ਪੌਲੁਸ ਉਨ੍ਹਾਂ ਕੋਲੋਂ ਇਹੋ ਜਿਹੇ ਸਵਾਲ ਪੁੱਛਣਾ ਚਾਹੁੰਦਾ ਸੀ ਜਿਵੇਂ ਕਿ "ਕੀ ਹੁੰਦਾ ਜੇਕਰ ਕਲੀਸੀਆ ਦਾ ਹਰੇਕ ਮੈਂਬਰ ਭੁੱਖਿਆਂ ਨੂੰ ਰਜਾਉਣਾ ਚਾਹੁੰਦਾ, ਪਰ ਕੋਈ ਵੀ ਨਿਹਚਾ ਵਿੱਚ ਕਮਜ਼ੋਰਾਂ ਦਾ ਪਾਲਣ-ਪੋਸ਼ਣ ਕਰਨ ਵਿੱਚ ਕੋਈ ਦਿਲਚਸਪੀ ਨਾ ਰੱਖਦਾ?" ਜੇਕਰ ਸਰੀਰਕ ਦੇਹ ਨੂੰ ਇਸ ਦੇ ਵੱਖ-ਵੱਖ ਅੰਗਾਂ ਦੇ ਯੋਗਦਾਨ ਦੇ ਲਈ ਸੰਬੰਧਤ ਯੋਗਤਾ ਦਿੱਤੀ ਗਈ ਹੁੰਦੀ, ਤਾਂ ਇਹ ਸਾਰੇ ਅੰਗਾਂ ਦੇ ਲਈ ਹਾਨੀ ਹੋਵੇਗੀ। ਕਲੀਸੀਆ ਕਿੰਨਾ ਖਰਾਬ ਸਰੀਰ ਹੋਵੇਗਾ ਜੇਕਰ ਇਸ ਦੇ ਅੰਦਰ ਬਿਲਕੁਲ ਇੱਕੋ ਜਿਹੀਆਂ ਯੋਗਤਾਵਾਂ, ਰੁਚੀਆਂ ਅਤੇ ਅਨੁਭਵ ਹੋਣਗੇ।

**ਆਇਤ 18.** ਜੇਕਰ ਕਿਸੇ ਵਿਸ਼ਵਾਸੀ ਦੇ ਅੰਦਰ ਦੂਜਿਆਂ ਦੇ ਯੋਗਦਾਨ ਦੇ ਲਈ ਪ੍ਰਸ਼ੰਸਾ ਕਰਨ ਦੀ ਕਮੀ ਸੀ, ਤਾਂ ਉਸ ਨੇ ਹਰੇਕ ਨੂੰ ਪਰਮੇਸ਼ੁਰ ਦੀ ਇੱਛਾ ਅਨੁਸਾਰ ਦਿੱਤੇ ਗਏ ਪਰਮੇਸ਼ੁਰ ਦੇ ਗੁਣਾਂ ਦੇ ਯੋਗਦਾਨ ਤੇ ਧਿਆਨ ਕਰਨਾ ਸੀ। ਇਹ ਉਹੀ ਹੈ ਜਿਹੜਾ ਮੈਂਬਰਾਂ ਨੂੰ ਅਨੇਕ ਪਰਕਾਰ ਦੀਆਂ ਭੂਮਿਕਾਵਾਂ ਦਿੰਦਾ ਹੈ ਸਰੀਰਕ ਦੇਹ ਵਿੱਚ ਅਤੇ ਕਲੀਸੀਆ ਅਰਥਾਤ ਮਸੀਹ ਦੀ ਆਤਮਿਕ ਦੇਹ ਦੋਹਾਂ ਵਿੱਚ। **ਪਰਮੇਸ਼ੁਰ ਨੇ ਅੰਗਾਂ ਨੂੰ ਇੱਕ ਇੱਕ ਕਰਕੇ ਸਰੀਰ ਵਿੱਚ ਰੱਖਿਆ ਹੈ**। ਉਸ ਹਾਲਤ ਵਿੱਚ, ਸਾਰੇ ਮਸੀਹੀ ਲੋਕਾਂ ਦਾ ਉਸ ਦੇ ਲਈ ਆਦਰ ਕਰਨਾ ਹੈ ਜੋ ਉਹ ਹਨ ਅਤੇ ਜੋ ਉਹ ਕਰਦੇ ਹਨ। ਹਰ ਯੋਗਦਾਨ, ਭਾਵੇਂ ਉਹ ਛੋਟਾ ਹੋਵੇ ਜਾਂ ਵੱਡਾ, ਮਸੀਹ ਦੀ ਦੇਹ ਦੀ ਉੱਨਤੀ ਦੇ ਲਈ ਮਹੱਤਵਪੂਰਣ ਹੈ। ਕੋਈ ਵੀ ਦਾਤ ਕਿਸੇ ਹੋਰ ਮੈਂਬਰ ਦੀ ਕੀਮਤ ਤੇ ਕਿਸੇ ਮੈਂਬਰ ਦੀ ਪ੍ਰਸ਼ੰਸਾ ਕਰਨ ਦੇ ਲਈ ਨਹੀਂ ਹੈ। ਰਸੂਲ ਨੇ ਇਹ ਵਿਆਖਿਆ ਕਰਨ ਦੀ ਕੋਈ ਲੋੜ ਨਹੀਂ ਸਮਝੀ ਕਿ ਪਵਿੱਤਰ ਆਤਮਾ ਪਰਮੇਸ਼ੁਰਤਵ ਦਾ ਹਿੱਸਾ ਹੈ; ਦਾਤਾਂ ਜਿਹੜੀਆਂ ਪਹਿਲਾਂ ਆਤਮਾ ਦੇ ਨਾਵੇਂ ਲਾਈਆਂ ਗਈਆਂ ਸਨ ਇਸ ਆਇਤ ਵਿੱਚ ਪਰਮੇਸ਼ੁਰ ਦੇ ਨਾਵੇਂ ਲਾਈਆਂ ਗਈਆਂ ਹਨ।

**ਆਇਤ 19.** ਕੁਰਿੰਥੁਸ ਦੀ ਕਲੀਸੀਆ ਵਿੱਚ ਕੋਈ ਮਸੀਹੀ ਵਿਅਕਤੀ ਆਪਣੇ ਕੰਮ ਨੂੰ ਕਿੰਨਾ ਵੀ ਮਹੱਤਵਪੂਰਣ ਕਿਉਂ ਨਹੀਂ ਸੀ ਸਮਝਦਾ, ਉਸ ਨੇ ਉੱਥੇ ਇੱਕ ਕਲੀਸੀਆ ਹੁੰਦੇ ਹੋਏ ਇਸ ਸੰਭਾਵਨਾ ਤੇ ਵਿਚਾਰ ਕਰਨਾ ਸੀ ਕਿ ਕਲੀਸੀਆ ਵਿੱਚ ਹਰ ਕੋਈ ਬਿਲਕੁਲ ਉਸ ਦੇ ਵਰਗਾ ਸੀ। ਜੇਕਰ ਹਰੇਕ ਮੈਂਬਰ ਨੂੰ ਆਤਮਾ ਵੱਲੋਂ ਇੱਕੋ ਜਿਹੀ ਦਾਤ ਮਿਲੀ ਸੀ, ਪੌਲੁਸ ਨੇ ਪੁੱਛਿਆ, **ਤਾਂ ਸਰੀਰ ਕਿੱਥੇ ਹੁੰਦਾ?** ਬਹੁਤ ਸਾਰੇ ਵੱਖ-ਵੱਖ ਮੈਂਬਰਾਂ ਦੇ ਵੱਖ-ਵੱਖ ਕੰਮ ਕਰਨ ਤੋਂ ਬਿਨਾਂ, ਇੱਕ ਸਰੀਰ ਨਹੀਂ ਸੀ ਬਣ ਸਕਦਾ।

ਕੁਰਿੰਥੁਸ ਦੇ ਮਸੀਹੀ ਲੋਕ ਪਰਤੱਖ ਰੂਪ ਵਿੱਚ ਆਤਮਿਕ ਲੋਕ ਹੋਣ ਦਾ ਘਮੰਡ ਕਰਦੇ ਸਨ, ਪਰ ਪੌਲੁਸ ਇਸ ਗੱਲ ਤੇ ਉਨ੍ਹਾਂ ਨਾਲ ਅਸਹਿਮਤ ਸੀ ਕਿ ਆਤਮਿਕ ਹੋਣ ਦਾ ਕੀ ਅਰਥ ਹੈ। ਉਨ੍ਹਾਂ ਨੇ ਪਰਮੇਸ਼ੁਰ ਨੂੰ ਪਰਸੰਨ ਕਰਨ ਵਾਲੇ ਲੋਕ ਬਣਨ ਦੇ ਸਬੂਤ ਵਜੋਂ ਉਨ੍ਹਾਂ ਦੀ ਵਿੱਦਿਆ ਵੱਲ ਇਸ਼ਾਰਾ ਕੀਤਾ। ਉਨ੍ਹਾਂ ਦੀ ਵਿੱਦਿਆ ਨੇ ਉਨ੍ਹਾਂ ਨੂੰ ਸਾਧਪੁਣੇ ਦੇ ਸਿਧਾਂਤਾਂ ਨੂੰ ਅਪਨਾਉਣ ਦੀ ਪ੍ਰੇਰਣਾ ਦਿੱਤੀ ਸੀ। ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ "ਪੁਰਖ ਦੇ ਲਈ ਤਾਂ ਇਹ ਚੰਗਾ ਹੈ ਜੋ ਇਸਤ੍ਰੀ ਨੂੰ ਨਾ ਛੋਹੇ" (7:1)। ਕਈਆਂ ਦਾ ਤਾਂ ਇਹ ਮੰਨਣਾ ਸੀ ਕਿ ਉਨ੍ਹਾਂ ਦੀ ਉੱਤਮ ਵਿੱਦਿਆ ਦਾ ਸਬੂਤ ਉਨ੍ਹਾਂ ਦੇ ਇਤਰਾਜ਼ਯੋਗ ਵਿਹਾਰ, ਸਗੋਂ ਬਦਪਰਹੇਜ਼ੀ ਤੋਂ ਪਰਗਟ ਹੁੰਦਾ ਸੀ (5:1, 2)। ਰਸੂਲ ਨੇ ਇਨ੍ਹਾਂ ਲੋਕਾਂ ਨੂੰ ਚੁਣੌਤੀ ਦਿੱਤੀ ਸੀ: ਵਿੱਦਿਆ ਦਾ ਹੋਣਾ ਆਤਮਿਕਤਾ ਦੀ ਗਰੰਟੀ ਨਹੀਂ ਸੀ ਦਿੰਦਾ; ਇਸ ਦੇ ਉਲਟ, ਉਨ੍ਹਾਂ ਦਾ ਵਿਹਾਰ ਇਹ

ਸੁਝਾਅ ਦਿੰਦਾ ਸੀ ਕਿ ਉਹ ਪਰਮੇਸ਼ੁਰ ਨੂੰ ਪਰਸੰਨ ਨਹੀਂ ਸੀ ਕਰ ਰਹੇ।

ਦੂਜਾ ਸੰਕੇਤ ਕਿ ਉਹ ਆਤਮਿਕ ਸਨ, ਕੁਰਿੰਥੁਸ ਦੇ ਲੋਕਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੀਆਂ ਆਤਮਿਕ ਦਾਤਾਂ ਸਨ। 12 ਤੋਂ 14 ਅਧਿਆਵਾਂ ਵਿੱਚ, ਪੌਲੁਸ ਨੇ ਉਨ੍ਹਾਂ ਦੇ ਇਸ ਵਿਚਾਰ ਤੇ ਸਵਾਲ ਕੀਤਾ ਕਿ ਕਿਹੜੀ ਚੀਜ਼ ਨੇ ਉਨ੍ਹਾਂ ਦੀਆਂ ਆਤਮਿਕ ਦਾਤਾਂ ਨੂੰ ਉੱਤਮ ਬਣਾਇਆ ਸੀ। ਉਹ ਭਾਸ਼ਾਂ ਨੂੰ ਦੂਜੀਆਂ ਦਾਤਾਂ ਤੋਂ ਜ਼ਿਆਦਾ ਮਹੱਤਵ ਦਿੰਦੇ ਸਨ; ਪਰ 12:8-10 ਵਿੱਚ ਆਤਮਿਕ ਦਾਤਾਂ ਦੀ ਪੌਲੁਸ ਦੀ ਸੂਚੀ ਵਿੱਚ ਭਾਸ਼ਾਂ ਸਭ ਤੋਂ ਅੰਤ ਵਿੱਚ ਆਉਂਦੀਆਂ ਹਨ। ਪੌਲੁਸ ਆਤਮਿਕ ਬਣਨ ਦੀ ਉਨ੍ਹਾਂ ਦੀ ਧਾਰਣਾ ਵਿੱਚ ਸੁਧਾਰ ਕਰਨਾ ਚਾਹੁੰਦਾ ਸੀ; ਉਸ ਨੇ ਇਸ਼ਾਰਾ ਕੀਤਾ ਕਿ ਸੱਚੀ ਆਤਮਿਕਤਾ ਦਾ ਰਾਹ ਪ੍ਰੇਮ ਕਰਨ ਵਾਲੇ ਲੋਕ ਬਣਨਾ ਹੈ। ਸਰੀਰ ਦੀ ਏਕਤਾ ਨੂੰ ਹਾਸਲ ਕਰਨ ਦੇ ਲਈ, ਸੱਚਮੁੱਚ ਆਤਮਿਕ ਬਣਨ ਦੇ ਲਈ, ਹਲੀਮੀ ਦੀ ਲੋੜ ਹੁੰਦੀ ਹੈ, ਨਾ ਕਿ ਵਿੱਦਿਆ ਦੀ; ਇਹ ਇਸ ਗੱਲ ਦੀ ਮੰਗ ਕਰਦਾ ਸੀ ਕਿ ਭਰਾ ਭਾਸ਼ਾਂ ਅਤੇ ਹੋਰਨਾਂ ਚਮਤਕਾਰੀ ਸ਼ਕਤੀਆਂ ਤੋਂ ਵੱਧ ਪ੍ਰੇਮ ਨੂੰ ਮਹੱਤਵ ਦੇਣਾ ਸਿੱਖਣ।

**ਆਇਤ 20.** ਰਸੂਲ ਦੇ ਰੂਪਕ ਦੀ ਪ੍ਰਾਸੰਗਿਕਤਾ ਅਸਪੱਸ਼ਟ ਹੈ। ਸਰੀਰ, ਭਾਵੇਂ ਉਹ ਜਥਾਰਥ ਆਤਮਿਕ ਹੋਣ, ਬਹੁਤ ਸਾਰੇ ਅੰਗਾਂ ਨੂੰ ਮਿਲ ਕੇ ਬਣੇ ਹਨ। ਹਰੇਕ ਅੰਗ ਸਾਰੇ ਸਰੀਰ ਦੇ ਭਲੇ ਦੇ ਲਈ ਕੰਮ ਕਰਦਾ ਹੈ। ਨਾ ਹੀ ਸਰੀਰਕ ਦੇਹ ਨਾ ਹੀ ਇੱਕ ਕਲੀਸੀਆ ਕਿਸੇ ਹੋਰ ਤਰੀਕੇ ਕੰਮ ਕਰ ਸਕਦੀ ਹੈ, ਕਿਉਂਕਿ ਪਰਮੇਸ਼ੁਰ ਨੇ ਇਹ ਫ਼ਰਮਾਨ ਜਾਰੀ ਕੀਤਾ ਹੈ ਕਿ **ਬਾਹਲੇ ਅੰਗ ਹਨ ਪਰ ਸਰੀਰ ਇੱਕੋ ਹੈ।**

ਪਹਿਲੀ ਸਦੀ ਦੇ ਅੰਤ ਵਿੱਚ ਇੱਕ ਸਤੋਇਕੀ ਫਿਲਾਸਫਰ ਨੇ ਇਹ ਦਲੀਲ ਦੇਣ ਦੁਆਰਾ ਇਹੀ ਗੱਲ ਕਹੀ ਸੀ ਕਿ ਵਿਅਕਤੀ ਵਿਸਤਰਤ ਮਨੁੱਖੀ ਪਰਿਵਾਰ ਦੇ ਵਿੱਚ ਹਿੱਸਾ ਲੈਂਦੇ ਹਨ। ਉਸ ਨੇ ਪੁੱਛਿਆ, "ਤੁਸੀਂ ਕੀ ਹੋ?" ਅਤੇ ਉਸ ਨੇ ਇਹ ਜਵਾਬ ਦਿੱਤਾ:

> ਇੱਕ ਮਨੁੱਖ। ਹੁਣ ਜੇਕਰ ਤੁਸੀਂ ਆਪਣੇ ਆਪ ਨੂੰ ਇੱਕ ਅਲੱਗ ਚੀਜ਼ ਦੇ ਰੂਪ ਵਿੱਚ ਸਮਝਦੇ ਹੋ, ਤੁਹਾਡੇ ਲਈ ਬੁਢਾਪੇ ਤੱਕ ਜੀਉਣਾ, ਅਮੀਰ ਹੋਣਾ, ਤੰਦਰਸੁਤੀ ਦਾ ਅਨੰਦ ਮਾਣਨਾ ਸੁਭਾਵਕ ਹੈ। ਪਰ ਜੇਕਰ ਤੁਸੀਂ ਆਪਣੇ ਆਪ ਨੂੰ ਇੱਕ ਮਨੁੱਖ ਦੇ ਰੂਪ ਵਿੱਚ ਅਤੇ ਪੂਰੇ ਸਰੀਰ ਦਾ ਹਿੱਸਾ ਸਮਝਦੇ ਤਾਂ ਉਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਤਾਂ ਹੁਣ ਤੁਹਾਡੇ ਲਈ ਬਿਮਾਰ ਹੋਣਾ ਅਤੇ ਹੁਣ ਯਾਤਰਾ ਕਰਨਾ ਅਤੇ ਖ਼ਤਰਾ ਮੁੱਲ ਲੈਣਾ ਅਤੇ ਜ਼ਰੂਰਤ ਵਿੱਚ ਹੋਣਾ ਅਤੇ ਸਮੇਂ ਤੋਂ ਪਹਿਲਾਂ ਮਰਨਾ ਉਚਿਤ ਹੈ। ਫਿਰ, ਤੁਸੀਂ ਕਿਉਂ ਪਰੇਸ਼ਾਨ ਹੋ? ਕੀ ਤੁਹਾਨੂੰ ਪਤਾ ਹੈ ਕਿ ਜੇਕਰ ਪੈਰ ਨੂੰ ਅਲੱਗ ਕਰ ਦਿੱਤਾ ਜਾਵੇ, ਤਾਂ ਇਹ ਪੈਰ ਦੇ ਰੂਪ ਵਿੱਚ ਕੰਮ ਨਹੀਂ ਕਰੇਗਾ, ਉਸੇ ਤਰ੍ਹਾਂ ਤੁਸੀਂ ਹੋ, ਜੇਕਰ ਤੁਹਾਨੂੰ ਅਲੱਗ ਕਰ ਦਿੱਤਾ ਜਾਵੇ, ਤੁਸੀਂ ਫਿਰ ਮਨੁੱਖ ਨਹੀਂ ਰਹੋਗੇ? ਕਿਉਂਕਿ ਇੱਕ ਮਨੁੱਖ ਕੀ ਹੈ? ਇੱਕ ਅਵਸਥਾ ਦਾ ਹਿੱਸਾ; ਪਹਿਲਾਂ ਉਸ ਅਵਸਥਾ ਦਾ ਹਿੱਸਾ ਜੋ ਦੇਵਤਿਆਂ ਅਤੇ ਮਨ ਨਾਲ ਬਣੀ ਹੈ ਅਤੇ ਫਿਰ ਉਸ ਅਵਸਥਾ ਦਾ ਜੋ ਕਿਹਾ ਜਾਂਦਾ ਹੈ ਕਿ ਦੂਜੇ ਦੇ ਬਹੁਤ ਨਜ਼ਦੀਕ ਹੈ, ਅਵਸਥਾ ਜਿਹੜੀ ਵਿਸ਼ਵਵਿਆਪੀ ਅਵਸਥਾ ਦੀ ਛੋਟੀ ਜਿਹੀ ਨਕਲ ਹੈ। . . . ਖੈਰ, ਕੀ ਤੁਹਾਡੇ ਕੋਲ ਹੋਰ ਕੋਈ ਹੋਵੇਗਾ ਜਿਹੜਾ ਹੁਣ ਤੁਹਾਡੇ ਲਈ ਬੁਖਾਰ ਨਾਲ ਬਿਮਾਰ ਹੋਵੇਗਾ, ਕੋਈ ਹੋਰ ਸਮੁੰਦਰੀ ਯਾਤਰਾ ਤੇ ਜਾਵੇਗਾ, ਕੋਈ ਹੋਰ ਮਰੇਗਾ, ਕੋਈ ਹੋਰ ਦੋਸ਼ੀ ਠਹਿਰੇਗਾ? ਅਜਿਹੇ ਸਰੀਰ ਵਿੱਚ ਅਜਿਹਾ ਹੋਣਾ ਅਸੰਭਵ ਹੈ ਜੋ ਸਾਡੇ ਕੋਲ ਹੈ, ਇਹ ਬ੍ਰਹਿਮੰਡ ਵਿੱਚ ਜਿਸ ਨੇ ਸਾਨੂੰ ਘੇਰਿਆ ਹੋਇਆ ਹੈ, ਸਾਡੇ ਵਰਗੇ ਇਨ੍ਹਾਂ ਸਾਥੀ-ਪ੍ਰਾਣੀਆਂ ਵਿੱਚ, ਅਜਿਹੀ ਗੱਲ ਨਹੀਂ

ਹੋਣੀ ਚਾਹੀਦੀ, ਕੁਝ ਇੱਕ ਮਨੁੱਖ ਦੇ ਕਈ ਅਤੇ ਕੁਝ ਕਿਸੇ ਹੋਰ ਦੇ ਲਈ।[13]

**ਆਇਤ 21.** ਇੱਥੋਂ ਤੱਕ, ਰਸੂਲ ਨੇ ਸਰੀਰ ਵਿੱਚ ਵਿਭਿੰਨਤਾ ਤੇ ਜ਼ੋਰ ਦਿੱਤਾ ਸੀ। ਸਰੀਰ ਦਾ ਹਰੇਕ ਅੰਗ ਇਸ ਦੇ ਆਪਣੇ ਤਰੀਕੇ ਨਾਲ ਕੰਮ ਕਰਨ ਦੇ ਲਈ ਸਰੀਰ ਬਾਕੀ ਸਭਨਾਂ ਅੰਗਾਂ ਤੇ ਨਿਰਭਰ ਹੈ। ਆਤਮਾ ਆਪਣੀ ਇੱਛਾ ਅਨੁਸਾਰ ਵੱਖ-ਵੱਖ ਦਾਤਾਂ ਦਿੰਦਾ ਹੈ। ਹਰ ਮਸੀਹੀ ਵਿਅਕਤੀ ਆਪਣੇ-ਆਪਣੇ ਤਰੀਕੇ ਨਾਲ ਕਲੀਸੀਆ ਦੀਆਂ ਜਰੂਰਤਾਂ ਦੇ ਪ੍ਰਤੀ ਆਪਣਾ ਯੋਗਦਾਨ ਦਿੰਦਾ ਹੈ। ਜਿਵੇਂ ਪੈਰ ਨੂੰ ਹੱਥ ਦੀ ਲੋੜ ਹੁੰਦੀ ਹੈ ਅਤੇ ਕੰਨ ਨੂੰ ਅੱਖ ਦੀ ਲੋੜ ਹੁੰਦੀ ਹੈ, ਭਰਾ ਸਮੁੱਚੀ ਕਲੀਸੀਆ ਦੀ ਭਲਾਈ ਦੇ ਲਈ ਇੱਕ ਦੂਜੇ ਤੇ ਨਿਰਭਰ ਹਨ। ਜੇਕਰ ਇਹ ਨਕਾਰਾਤਮਕ ਗੱਲ ਕਿ ਮੈਨੂੰ ਤੇਰੀ **ਕੋਈ ਲੋੜ ਨਹੀਂ**, ਰਸੂਲ ਦੀਆਂ ਪਹਿਲੀਆਂ /ਨਸੀਹਤਾਂ ਵਿੱਚ ਅਸਪੱਸ਼ਟ ਸਨ, ਤਾਂ ਉਸ ਨੇ 12:21 ਵਿੱਚ ਉਨ੍ਹਾਂ ਨੂੰ ਸਪੱਸ਼ਟ ਕੀਤਾ। ਕਿਸੇ ਵੀ ਮਸੀਹੀ ਵਿਅਕਤੀ ਨੂੰ ਸਰੀਰ ਵਿੱਚ ਦੂਜਿਆਂ ਦੇ ਕਾਰਜਾਂ ਜਾਂ ਕੰਮਾਂ ਨੂੰ ਬਦਨਾਮ ਕਰਨ ਦਾ ਕੋਈ ਹੱਕ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਯੋਗਦਾਨ ਉਸ ਦੇ ਆਪਣੇ ਯੋਗਦਾਨਾਂ ਨਾਲੋਂ ਵੱਖਰੇ ਹਨ।

ਅੱਖ, ਕੰਨ, ਪੈਰ ਅਤੇ ਹੱਥ ਨੇ ਪਹਿਲਾਂ ਤੋਂ ਹੀ ਪੌਲੁਸ ਦੇ ਉਦੇਸ਼ਾਂ ਨੂੰ ਪੂਰਾ ਕਰ ਦਿੱਤਾ ਸੀ ਜਦੋਂ ਉਸ ਨੇ ਅੰਗਾਂ ਦੀ ਆਪਸੀ ਨਿਰਭਰਤਾ ਦੇ ਲਈ ਦਲੀਲ ਦਿੱਤੀ ਸੀ। ਸਰੀਰ ਦੇ ਇਹ ਅੰਗ ਜਿਨ੍ਹਾਂ ਦੇ ਬਾਰੇ ਇੱਥੇ ਦੱਸਿਆ ਗਿਆ ਹੈ ਵਿਅਕਤੀਗਤ ਮਸੀਹੀ ਲੋਕਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨੂੰ ਅਨੇਕ ਪਰਕਾਰ ਦੀਆਂ ਦਾਤਾਂ ਮਿਲੀਆਂ ਸਨ (12:15, 16)। ਰਸੂਲ ਇਸ ਉਦਾਹਰਣ ਨੂੰ ਇੱਕ ਨਵੀਂ ਦਿਸ਼ਾ ਵੱਲ ਮੋੜ ਰਿਹਾ ਸੀ। ਜਿਨ੍ਹਾਂ ਕੋਲ ਜ਼ਿਆਦਾ ਬਹੁਮੁੱਲੀਆਂ ਦਾਤਾਂ ਸਨ ਪਰਤੱਖ ਰੂਪ ਵਿੱਚ ਉਨ੍ਹਾਂ ਨਾਲ ਨਫਰਤ ਕਰਦੇ ਸਨ ਜਿਨ੍ਹਾਂ ਕੋਲ ਅਜਿਹੀਆਂ ਦਾਤਾਂ ਨਹੀਂ ਸਨ। ਨਾ ਸਿਰਫ ਉਹ ਆਪਣੀਆਂ ਦਾਤਾਂ ਦੇ ਉੱਤਮ ਹੋਣ ਬਾਰੇ ਸ਼ੇਖੀ ਮਾਰਦੇ ਸਨ, ਪਰ ਉਹ ਆਪਣੇ ਆਪ ਨੂੰ ਵੀ ਉਨ੍ਹਾਂ ਨਾਲੋਂ ਉੱਤਮ ਮੰਨਦੇ ਸਨ ਜਿਨ੍ਹਾਂ ਕੋਲ ਅਜਿਹੀਆਂ ਦਾਤਾਂ ਨਹੀਂ ਸਨ। ਉਹ ਸੋਚਦੇ ਸਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ ਹੈ ਜਿਨ੍ਹਾਂ ਕੋਲ ਛੋਟੀਆਂ ਦਾਤਾਂ ਹਨ ਜਾਂ ਜਿਹੜੇ ਚਮਤਕਾਰੀ ਦਾਤਾਂ ਤੋਂ ਬਿਨਾਂ ਹਨ। ਉੱਤਮਤਾ ਦੀ ਇਹ ਭਾਵਨਾ ਜੋ ਉਨ੍ਹਾਂ ਆਤਮਿਕ ਦਾਤਾਂ ਨੂੰ ਜ਼ਿਆਦਾ ਮਹੱਤਵ ਦੇਣ ਤੋਂ ਆਈ ਸੀ ਉਸ ਤਰੀਕੇ ਨਾਲ ਤੁਲਨਾਯੋਗ ਸੀ ਜਿਸ ਤਰੀਕੇ ਨਾਲ ਭੌਤਿਕ ਤੌਰ ਤੇ ਖੁਸ਼ਹਾਲ ਮਸੀਹੀ ਲੋਕ ਆਪਣੇ ਆਪ ਨੂੰ ਗਰੀਬ ਲੋਕਾਂ ਨਾਲ ਭੋਜਨ ਵਿੱਚ ਸਾਂਝੀ ਹੋਣ ਤੋਂ ਅਲੱਗ ਕਰ ਰਹੇ ਸਨ (11:20, 21)। ਦੋਵਾਂ ਹਾਲਾਤਾਂ ਵਿੱਚ, ਸਰੀਰ ਦੀ ਏਕਤਾ ਤਨਾਵਾਂ ਨੂੰ ਝੱਲਦੀ ਸੀ।

ਅੱਜ ਦੀ ਕਲੀਸੀਆ ਵਿੱਚ, ਜਿਵੇਂ ਕਿ ਪੌਲੁਸ ਦੁਆਰਾ ਪ੍ਰਾਚੀਨ ਮੰਡਲੀ ਨੂੰ ਸੰਬੋਧਿਤ ਕੀਤਾ ਗਿਆ ਸੀ, ਜਿਹੜੇ ਘੱਟ ਦ੍ਰਿਸ਼ ਭੂਮਿਕਾਵਾਂ ਨਿਭਾਉਂਦੇ ਹਨ ਨਿਰਾਸ਼ ਹੋ ਸਕਦੇ ਹਨ, ਇਹ ਸੋਚਦੇ ਹੋਏ ਕਿ ਉਨ੍ਹਾਂ ਦਾ ਕੰਮ ਘੱਟ ਮਹੱਤਵ ਵਾਲਾ ਹੈ। ਪੌਲੁਸ ਨੇ ਇਸ ਗੱਲ ਦਾ ਭਰੋਸਾ ਦਿੱਤਾ ਕਿ ਸਰੀਰ ਦੀ ਤੰਦਰੁਸਤੀ ਦੇ ਲਈ ਹਰੇਕ ਅੰਗ ਜ਼ਰੂਰੀ ਹੈ। ਹੋਰ ਮਾਮਲਿਆਂ ਵਿੱਚ, ਇੱਕ ਮਸੀਹੀ ਵਿਅਕਤੀ ਜਿਸ ਦਾ ਕਲੀਸੀਆ ਵਿੱਚ ਕੰਮ ਦਿਸਦਾ ਹੈ ਉਨ੍ਹਾਂ ਨੂੰ ਥੋੜ੍ਹਾ ਬਹੁਤ ਆਦਰ ਵਿਖਾ ਸਕਦਾ ਹੈ ਜਿਹੜੇ ਘੱਟ ਦੇਖਣ ਦੇਣ ਯੋਗ ਕੰਮ ਕਰਦੇ ਹਨ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਇੱਕ ਨਵੇਂ ਪਰਕਾਸ਼ ਵਿੱਚ ਉਨ੍ਹਾਂ ਦੇ ਕੰਮ ਨੂੰ ਵੇਖਣ ਦੀ ਅਪੀਲ ਕੀਤੀ ਸੀ। ਰਾਜ ਵਿੱਚ ਉਨ੍ਹਾਂ ਦੇ ਕੰਮ ਦੀ ਸਫ਼ਲਤਾ ਸਿਰਫ ਇਸ ਲਈ ਸੰਭਵ ਸੀ ਕਿਉਂਕਿ ਹੋਰ ਲੋਕ ਸਰੀਰ ਦੀ ਤੰਦਰੁਸਤੀ ਵਿਨਮਰ ਤਰੀਕਿਆਂ ਨਾਲ ਕੰਮ ਕਰ ਰਹੇ ਸਨ।

**ਆਇਤ 22.** ਸਰੀਰ ਦੇ ਅੰਗ **ਜਿਹੜੇ ਨਿਰਬਲ ਦਿੱਸਦੇ ਹਨ** ਪਰਤੱਖ ਰੂਪ ਵਿੱਚ ਘੱਟ ਧਿਆਨ ਦੇਣ ਯੋਗ ਹਨ, ਜਿਹੜੇ ਆਪਣਾ ਕੰਮ ਚੁੱਪਚਾਪ ਅਤੇ ਆਪਣੇ ਆਪ ਕਰਦੇ ਹਨ। ਸਰੀਰ ਦੇ ਉਦਾਹਰਣ ਨੂੰ ਜਾਰੀ ਰੱਖਦਿਆਂ, ਸੰਭਵ ਤੌਰ ਤੇ ਰਸੂਲ ਦੇ ਮਨ ਵਿੱਚ ਅੰਦਰੂਨੀ ਅੰਗ ਸਨ ਜਿਵੇਂ ਕਿ ਦਿਲ, ਫੇਫੜੇ ਜਾਂ ਗੁਰਦੇ। ਇਨ੍ਹਾਂ ਤੋਂ ਬਿਨਾਂ, ਸਰੀਰ ਢਹਿ ਢੇਰੀ ਹੋ ਜਾਵੇਗਾ; ਫਿਰ ਵੀ ਉਨ੍ਹਾਂ ਨੂੰ ਕੰਮ ਕਰਨ ਦੇ ਲਈ ਬਾਂਹ, ਅੱਖ, ਸਗੋਂ ਦਿਮਾਗ ਦੀ ਵੀ ਲੋੜ ਨਹੀਂ ਹੁੰਦੀ। ਉਨ੍ਹਾਂ ਦੇ ਉਚਿਤ ਕੰਮ **ਅੱਤ ਲੋੜੀਂਦੇ ਹਨ** ਜੇਕਰ ਗਿਆਨ ਇੰਦਰੀਆਂ ਨੇ ਸਰੀਰ ਨੂੰ ਜਾਣਕਾਰੀ ਦੇਣੀ ਹੈ ਜਾਂ ਜੇਕਰ ਪੱਠਿਆਂ ਨੇ ਇੱਕ ਅਰਥਪੂਰਣ ਜਵਾਬ ਦੇਣ ਦੇ ਲਈ ਇਸ ਨੂੰ ਦਿਸ਼ਾ ਦੇਣੀ ਹੈ। ਇਹ ਕਹਿਣ ਵਿੱਚ ਸਮਰੱਥ ਹੋਣ ਤੋਂ ਕਿਤੇ ਦੂਰ ਕਿ "ਮੈਨੂੰ ਤੇਰੀ ਕੋਈ ਲੋੜ ਨਹੀਂ ਹੈ," ਸਰੀਰ ਇਸ ਦੇ ਘੱਟ ਧਿਆਨ ਦੇਣ ਯੋਗ ਅੰਗਾਂ ਤੇ ਹੋਰ ਵੀ ਜ਼ਿਆਦਾ ਨਿਰਭਰ ਹੈ। ਉਸੇ ਤਰ੍ਹਾਂ, ਪ੍ਰਭੂ ਦੇ ਲੋਕਾਂ ਦੇ ਸਰੀਰ ਵਿੱਚ, ਜਿਹੜੇ ਮਿਹਨਤ ਕਰਦੇ ਹਨ ਅਤੇ ਭਾਵੀ, ਵਿਨਮਰ ਤਰੀਕਿਆਂ ਨਾਲ ਯੋਗਦਾਨ ਦਿੰਦੇ ਹਨ ਉਨ੍ਹਾਂ ਦਾ ਸਥਾਨ ਕੋਈ ਨਹੀਂ ਲੈ ਸਕਦਾ। ਕਲੀਸੀਆ ਦਾ ਹਰ ਮੈਂਬਰ ਇਹ ਯਾਦ ਰੱਖਣ ਦੇ ਲਈ ਉੱਤਮ ਕਰਦਾ ਹੈ ਕਿ ਸਰੀਰ ਦੀ ਤੰਦਰੁਸਤੀ ਨਿੱਜੀ ਪਹਿਚਾਣ ਨਾਲੋਂ ਜ਼ਿਆਦਾ ਮਹੱਤਵਪੂਰਣ ਹੈ।

**ਆਇਤ 23.** ਸਰੀਰਕ ਰਚਨਾ ਦੇ ਕੁਝ ਹਿੱਸਿਆਂ ਦੇ ਜ਼ਰੂਰੀ ਕੰਮ ਹਨ ਪਰ ਸਧਾਰਣ ਰੂਪ ਵਿੱਚ ਨਰਮ ਗੱਲਬਾਤ ਦਾ ਵਿਸ਼ਾ ਹੈ। ਇਨ੍ਹਾਂ ਨੂੰ ਸਿਰਫ ਇਸ ਲਈ **ਨਿਰਾਦਰੇ** ਸਮਝਿਆ ਜਾਂਦਾ ਹੈ ਕਿਉਂਕਿ ਉਹ ਨਿੱਜੀ ਤਰੀਕਿਆਂ ਨਾਲ ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ। ਲੋਕ ਸਰੀਰ ਦੇ ਇਨ੍ਹਾਂ ਹਿੱਸਿਆਂ ਨੂੰ ਇੱਕ ਖ਼ਾਸ ਤਰੀਕੇ ਨਾਲ ਢੱਕਣ ਦੁਆਰਾ ਓਹਨਾਂ ਦਾ **ਬਹੁਤ ਵਧਕੇ ਆਦਰ ਕਰਦੇ ਹਨ**। ਇਸ ਲਈ, **ਸਾਡੇ ਕੁਸੋਹਣੇ ਅੰਗ ਬਹੁਤ ਵਧਕੇ ਸੋਹਣੇ ਹੋ ਜਾਂਦੇ ਹਨ**। ਕੁਰਿੰਥੁਸ ਦੇ ਲੋਕ ਜਿਹੜੇ ਨੇ ਪੌਲੁਸ ਦੀ ਪੱਤ੍ਰੀ ਨੂੰ ਬੜੇ ਧਿਆਨ ਨਾਲ ਪੜ੍ਹਿਆ ਸੀ ਸ਼ਾਇਦ ਉਸ ਵਿਸ਼ੇ ਨੂੰ ਪਹਿਚਾਣ ਗਏ ਸਨ ਜਿਸ ਤੇ ਰਸੂਲ ਪੂਰੀ ਮੂਲ ਲਿਖਤ ਵਿੱਚ ਜ਼ੋਰ ਦਿੰਦਾ ਆ ਰਿਹਾ ਸੀ: "ਸਗੋਂ ਸੰਸਾਰ ਦੇ ਮੂਰਖਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ ਨਿਰਬਲਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ" (1:27; ਵੇਖੋ 2:3; 4:10; 9:22)।

ਪੌਲੁਸ ਨੇ ਸਰੀਰਕ ਦੇਹ ਦੀਆਂ ਦੇਖਣਯੋਗ ਵਿਸ਼ੇਸ਼ਤਾਵਾਂ ਅਤੇ ਆਤਮਿਕ ਦੇਹ ਦੇ ਅੰਦਰ ਅਨੇਕ ਪਰਕਾਰ ਦੇ ਲੋਕਾਂ ਦੇ ਕੰਮ ਜਾਂ ਵੱਖ-ਵੱਖ ਤਰ੍ਹਾਂ ਦੇ ਲੋਕਾਂ ਵਿਚਕਾਰ ਤੁਲਨਾਵਾਂ ਕਰਨੀਆਂ ਜਾਰੀ ਰੱਖੀਆਂ। ਬੇਸ਼ੱਕ, ਉਸ ਦੀ ਚਿੰਤਾ ਕਲੀਸੀਆ ਦੀ ਏਕਤਾ, ਇੱਕਜੁਟਤਾ, ਸਦਭਾਵਨਾ ਅਤੇ ਸਹੀ ਤਰ੍ਹਾਂ ਕੰਮ ਕਰਨ ਦੀ ਸੀ। ਉਸ ਕਾਰਣ, ਪਾਠਕ ਪੌਲੁਸ ਦੇ ਅਗਲੇ ਸ਼ਬਦਾਂ ਨੂੰ ਕਲੀਸੀਆ ਦੇ "ਕੁਸੋਹਣੇ ਅੰਗਾਂ" ਨੂੰ ਸਰੀਰ ਦੇ ਲਈ ਯੋਗਦਾਨ ਦੇਣ ਦੀ ਨਸੀਹਤ ਦੇਣ ਦੀ ਉਮੀਦ ਕਰ ਸਕਦੇ ਹਨ, ਇਹ ਜਾਣਦੇ ਹੋਏ ਕਿ ਉਹ ਪ੍ਰਭੂ ਦੇ ਲਈ ਬਹੁਮੁੱਲੀ ਸੇਵਾ ਦੇ ਰਹੇ ਸਨ। ਸ਼ਾਇਦ ਕੋਈ ਅਜਿਹੇ ਮੈਂਬਰਾਂ ਦੇ ਲਈ ਮੁੜ ਭਰੋਸੇ ਦੀ ਉਮੀਦ ਕਰ ਸਕਦਾ ਹੈ ਕਿ ਪ੍ਰਭੂ ਉਨ੍ਹਾਂ ਦੀ ਸੇਵਾ ਤੋਂ ਜਾਣੂ ਸੀ। ਇਸ ਦੀ ਬਜਾਇ, ਰਸੂਲ ਨੇ ਜਿਨ੍ਹਾਂ ਦੇ ਕੋਲ ਬਹੁਤ ਵਧਕੇ ਆਦਰ ਵਾਲੀਆਂ ਦਾਤਾਂ ਸਨ ਉਨ੍ਹਾਂ ਨੂੰ ਉਨ੍ਹਾਂ ਦਾ "ਬਹੁਤ ਵਧਕੇ ਆਦਰ ਕਰਨ" ਦੇ ਲਈ ਉਤਸ਼ਾਹਿਤ ਕੀਤਾ ਜਿਨ੍ਹਾਂ ਨੂੰ ਸੰਭਵ ਤੌਰ ਤੇ ਘੱਟ ਧਿਆਨ ਦੇਣ ਵਾਲੀਆਂ ਦਾਤਾਂ ਮਿਲਣ ਵਾਲੀਆਂ ਸਨ।

**ਆਇਤ 24.** ਕਿਉਂਕਿ ਲੋਕਾਂ ਨੇ ਸਰੀਰ ਦੇ **ਸੋਹਣੇ ਅੰਗਾਂ** ਨੂੰ ਕੋਈ ਖ਼ਾਸ ਸ਼ਿੰਗਾਰ ਨਹੀਂ ਸੀ ਕੀਤਾ ਅਤੇ ਉਹ "ਕੁਸੋਹਣੇ ਅੰਗਾਂ" ਨੂੰ ਕਰਦੇ ਹਨ, ਇਸ ਦਾ ਅਰਥ ਇਹ ਹੈ ਕਿ ਦੋਹਾਂ

ਵਿੱਚੋਂ ਕੋਈ ਸਰੀਰ ਦੀ ਤੰਦਰੁਸਤੀ ਦੇ ਲਈ ਦੂਜੇ ਨਾਲੋਂ ਜ਼ਿਆਦਾ ਜ਼ਰੂਰੀ ਨਹੀਂ ਹੈ। ਉਸੇ ਤਰ੍ਹਾਂ, ਪਰਮੇਸ਼ੁਰ ਸਰੀਰ ਦੇ ਉਨ੍ਹਾਂ ਮੈਂਬਰਾਂ ਨੂੰ ਜ਼ਿਆਦਾ ਆਦਰ ਦਿੰਦਾ ਹੈ ਜਿਹੜੇ ਬਿਨਾਂ ਪਛਾਣ ਦੇ ਇਸ ਦੀ ਤੰਦਰੁਸਤੀ ਦੇ ਲਈ ਕੰਮ ਕਰਦੇ ਹਨ। ਪੌਲੁਸ ਦੀ ਇੱਛਾ ਸਰੀਰ ਦੇ ਉਨ੍ਹਾਂ ਅੰਗਾਂ ਦਾ ਅਨਾਦਰ ਕਰਨ ਦੀ ਬਿਲਕੁਲ ਨਹੀਂ ਸੀ ਜਿਨ੍ਹਾਂ ਦਾ ਕੰਮ ਸਾਰਿਆਂ ਦੇ ਸਾਹਮਣੇ ਪਰਗਟ ਹੁੰਦਾ ਹੈ। ਉਹ ਦੂਜਿਆਂ ਦੀ ਕੀਮਤ ਤੇ ਕਿਸੇ ਨੂੰ ਡੇਗਣਾ ਨਹੀਂ ਸੀ ਚਾਹੁੰਦਾ; ਉਹ ਸਿਰਫ ਸਾਰੇ ਮੈਂਬਰਾਂ ਨੂੰ ਇਕੱਠਿਆਂ ਉੱਪਰ ਉਠਾਉਣਾ ਚਾਹੁੰਦਾ ਸੀ। ਸਰੀਰ ਦੇ ਹਰੇਕ ਅੰਗ ਦੀ ਕੀਮਤ ਨਿਸ਼ਚਤ ਹੈ ਕਿਉਂਕਿ **ਪਰਮੇਸ਼ੁਰ ਨੇ ਸਰੀਰ ਨੂੰ ਜੋੜਿਆ** [συγκεράννυμι *ਸੁਨਕੇਰਾਨੁਮੀ* "ਲਗਾਉਣਾ" ਜਾਂ "ਇਕੱਠਿਆਂ ਰੱਖਣਾ" ਦਾ ਸਧਾਰਣ ਰੂਪ] ਤਾਂ ਜੋ ਉਨ੍ਹਾਂ ਨੂੰ ਹਰੇਕ ਨੂੰ ਆਪਣੇ-ਆਪਣੇ ਤਰੀਕੇ ਨਾਲ ਉਚਿਤ ਆਦਰ ਮਿਲ ਸਕੇ। ਲੀਓਨ ਮੌਰਿਸ ਨੇ ਲਿਖਿਆ, "ਸਰੀਰ ਵਿੱਚ ਜੋੜੇ ਗਏ ਅੰਗਾਂ ਲਈ ਪਰਮੇਸ਼ੁਰ ਦਾ ਪ੍ਰਬੰਧ ਇੱਕੋ ਕਿਹੇ ਸਰੀਰ ਵਿੱਚ ਸਾਰੇ ਵਿਰੋਧ ਅਤੇ ਮਿਸ਼ਰਣਾਂ ਨੂੰ ਖਤਮ ਕਰ ਦਿੰਦਾ ਹੈ।"[14] ਘੱਟੋ-ਘੱਟ, ਇਸੇ ਤਰੀਕੇ ਨਾਲ ਵੱਖ-ਵੱਖ ਅੰਗਾਂ ਨੂੰ ਕੰਮ ਕਰਨ ਦੇ ਲਈ ਬਣਾਇਆ ਗਿਆ ਸੀ। ਕੁਰਿੰਥੁਸ ਦੇ ਲੋਕ ਪਰਮੇਸ਼ੁਰ ਦੀ ਉਸ ਇਕਸਾਰਤਾ ਨੂੰ ਨਵੀਂ ਦਿਸ਼ਾ ਵੱਲ ਮੋੜ ਰਹੇ ਸਨ ਜੋ ਨਿੱਜੀ ਪ੍ਰਤਿਸ਼ਠਾ ਦੇ ਲਈ ਮੂਰਖਤਾਈ ਵਾਲੇ ਪ੍ਰਦਰਸ਼ਨਾਂ ਵਿੱਚ ਨਿਰਧਾਰਤ ਕੀਤੀ ਸੀ।

**ਆਇਤ 25.** ਦੋ ਸੌ ਕੁ ਸਾਲ ਪਹਿਲਾਂ, ਬਹਾਲੀ ਲਿਆਉਣ ਵਾਲਾ ਸੇਵਕ ਜਿਹੜਾ ਆਇਰਲੈਂਡ ਤੋਂ ਅਮਰੀਕਾ ਗਿਆ ਸੀ ਉਸ ਨੇ ਮਸੀਹੀ ਦੀ ਕਲੀਸੀਆ ਦੀ ਦ੍ਰਿਸ਼ ਏਕਤਾ ਨਾਲ ਜੱਦੋਂ-ਜਹਿਦ ਕੀਤੀ ਸੀ। ਜਦੋਂ ਉਸ ਨੇ ਇੱਕ ਵੰਡੀ ਹੋਈ, ਪੰਥਕ ਸੰਸਥਾ ਨੂੰ ਸੁਧਾਰਣਾ ਚਾਹਿਆ, ਥੋਮਸ ਕੈਂਪਬੈਲ ਸਮਝ ਗਿਆ ਕਿ ਮਸੀਹੀ ਏਕਤਾ ਓਨਾਂ ਜ਼ਿਆਦਾ ਹਾਸਲ ਕਰਨ ਵਾਲਾ ਇੱਕ ਨਿਸ਼ਾਨਾ ਨਹੀਂ ਹੈ ਜਿੰਨਾ ਕਿ ਇਹ ਇੱਕ ਇਕਰਾਰ ਕਰਨ ਵਾਲਾ ਤੱਥ ਹੈ। ਉਸ ਨੇ ਆਪਣੀ ਪੁਸਤਕ ਡੈਕਲਾਰੇਸ਼ਨ ਐਂਡ ਅਡਰੈੱਸ ਇਹ ਟਿੱਪਣੀ ਕਰਦਿਆਂ ਪ੍ਰਸਤਾਵਾਂ ਨੂੰ ਸ਼ੁਰੂ ਕੀਤਾ ਸੀ,

> . . . ਧਰਤੀ ਉੱਤੇ ਮਸੀਹ ਦੀ ਕਲੀਸੀਆ ਅਵੱਸ਼ਕ ਤੌਰ ਤੇ, ਜਾਣਬੁੱਝ ਕੇ ਅਤੇ ਸੰਵਿਧਾਨਕ ਤੌਰ ਤੇ ਉਹ ਕਲੀਸੀਆ ਹੈ ਜਿਸ ਦੇ ਵਿੱਚ ਹਰ ਥਾਂ ਤੇ ਉਹ ਸਾਰੇ ਲੋਕ ਸ਼ਾਮਲ ਹਨ ਜਿਹੜੇ ਮਸੀਹ ਵਿੱਚ ਆਪਣੀ ਨਿਹਚਾ ਅਤੇ ਵਚਨ ਦੇ ਅਨੁਸਾਰ ਸਾਰੀਆਂ ਗੱਲਾਂ ਵਿੱਚ ਉਸ ਦੇ ਪ੍ਰਤੀ ਆਪਣੀ ਆਗਿਆਕਾਰੀ ਦਾ ਇਕਰਾਰ ਕਰਦੇ ਹਨ ਅਤੇ ਇਹ ਉਨ੍ਹਾਂ ਦੇ ਸੁਭਾਅ ਅਤੇ ਚਾਲ-ਚਲਣ ਤੋਂ ਪਰਗਟ ਹੁੰਦਾ ਹੈ ਕਿਸੇ ਹੋਰ ਚੀਜ਼ ਤੋਂ ਨਹੀਂ; ਕਿਉਂਕਿ ਹੋਰ ਕੋਈ ਵੀ ਸੱਚਮੁੱਚ ਅਤੇ ਸਹੀ ਰੂਪ ਵਿੱਚ ਮਸੀਹੀ ਲੋਕ ਨਹੀਂ ਅਖਵਾ ਸਕਦੇ।[15]

ਪੌਲੁਸ ਦੇ ਕੋਲ ਕੈਂਪਬੈਲ ਦੀ ਇਸ ਦਿਲੇਰੀ ਵਾਲੀ ਘੋਸ਼ਣਾ ਦੇ ਦੇਣ ਲਈ ਕੋਈ ਦਲੀਲ ਨਹੀਂ ਹੋਵੇਗੀ। ਰਸੂਲ ਇਸ ਗੱਲ ਤੋਂ ਜਾਣੂ ਸੀ ਕਿ ਮਸੀਹੀ ਲੋਕ ਕਈ ਵਾਰ ਇੱਕ ਉਪਦੇਸ਼ਕ ਨੂੰ ਦੂਜੇ ਉਪਦੇਸ਼ਕ ਤੇ ਤਰਜੀਹ ਦੇਣ ਦੇ ਲਈ ਦਲ ਜਾਂ ਪੰਥ ਬਣਾ ਲੈਂਦੇ ਸਨ। ਸਮਾਜਕ ਰੁਤਬਾ, ਧਨ ਦੌਲਤ ਜਾਂ ਸਿੱਖਿਆ ਦੇ ਕਾਰਣ ਕਈ ਵਾਰ ਨਕਲੀ ਰੁਕਾਵਟਾਂ ਖੜ੍ਹੀਆਂ ਹੋ ਜਾਂਦੀਆਂ ਸਨ। ਜਦੋਂ ਵਿਚਾਰ ਵੱਖ-ਵੱਖ ਹੁੰਦੇ ਸਨ ਤਾਂ ਇਸ ਦਾ ਨਤੀਜਾ ਬਾਰ-ਬਾਰ ਫੁੱਟ ਦੇ ਰੂਪ ਵਿਚ ਨਿੱਕਲਦਾ ਸੀ ਅਤੇ ਵਫ਼ਾਦਾਰੀਆਂ ਬਹੁਤ ਮੁਸ਼ਕਲ ਹੋ ਗਈਆਂ। ਪੌਲੁਸ ਨੇ ਪਾਪ ਅਤੇ ਘਮੰਡ ਦਾ ਵਿਰੋਧ ਕੀਤਾ ਜਿਸ ਨੇ ਇਹ ਜ਼ੋਰ ਦੇਣ ਦੁਆਰਾ ਫੁੱਟ ਪਾ ਦਿੱਤੀ ਕਿ

ਕਲੀਸੀਆ ਅਸਲ ਵਿੱਚ ਇੱਕੋ ਹੈ। ਪਰਮੇਸ਼ੁਰ ਨੇ ਇਸ ਨੂੰ ਇਸ ਲਈ ਬਣਾਇਆ **ਭਈ ਸਰੀਰ ਵਿੱਚ ਫੋਟਕ ਨਾ ਪਵੇ**। ਰਸੂਲ ਇਹ ਦਲੀਲ ਦੇਣ ਦੇ ਲਈ ਸਰੀਰਕ ਦੇਹ ਦੇ ਵੱਖ-ਵੱਖ ਅੰਗਾਂ ਨੂੰ ਆਦਰਸ਼ ਰੂਪ ਵਿੱਚ ਗ੍ਰਹਿਣ ਕੀਤਾ ਕਿ ਵਿਅਕਤੀਗਤ ਮਸੀਹੀ ਲੋਕਾਂ ਨੂੰ **ਇੱਕ ਦੂਜੇ ਦੇ ਲਈ ਇੱਕ ਸਮਾਨ ਚਿੰਤਾ** ਕਰਨੀ ਚਾਹੀਦੀ ਹੈ ਜਿਵੇਂ ਉਹ ਆਪਣੇ ਆਪ ਦੀ ਕਰਦੇ ਹਨ। ਪਰਮੇਸ਼ੁਰ ਦਾ ਆਪਣੀ ਦੇਹ, ਕਲੀਸੀਆ ਦੇ ਲਈ ਯੋਜਨਾ ਇਸ ਨੂੰ ਸਿੱਧ ਰੂਪ ਵਿੱਚ ਇਕੱਠਾ ਜੋੜਨ ਦੀ ਹੈ, ਜਿਸ ਵਿੱਚ ਹਰੇਕ ਮੈਂਬਰ ਆਪਣੀ-ਆਪਣੀ ਦਾਤ ਦੇ ਅਨੁਸਾਰ ਕੰਮ ਕਰੇ ਜੋ ਉਸ ਨੂੰ ਮਿਲੀ ਹੈ ਅਤੇ ਹਰੇਕ ਮੈਂਬਰ ਦੂਜਿਆਂ ਦੇ ਕੰਮ ਲਈ ਉਨ੍ਹਾਂ ਦਾ ਆਦਰ ਅਤੇ ਸਤਿਕਾਰ ਕਰੇ। ਪੌਲੁਸ ਦੇ ਪਾਠਕਾਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਈਰਖਾ, ਪ੍ਰਸਿੱਧੀ ਨੂੰ ਭਾਲਣਾ ਅਤੇ ਆਤਮਾ ਦੀਆਂ ਜ਼ਿਆਦਾ ਦ੍ਰਿਸ਼ ਦਾਤਾਂ ਦੀ ਲਾਲਸਾ ਕਰਨਾ ਸਹੀ ਮਸੀਹ ਵਿਹਾਰ ਦੇ ਖੇਤਰ ਵਿੱਚੋਂ ਬਾਹਰ ਸੀ।

**ਆਇਤ 26.** ਸਮੁੱਚੇ ਸਰੀਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਸਰੀਰ ਦੇ ਕਿਸੇ ਵੀ ਅੰਗ ਨੂੰ ਕੁਝ ਨਹੀਂ ਹੁੰਦਾ। ਉਹ ਆਦਰ ਜਿਹੜਾ ਇੱਕ ਅੰਗ ਨੂੰ ਮਿਲਦਾ ਹੈ ਪੂਰੇ ਸਰੀਰ ਦੇ ਲਈ ਹੁੰਦਾ ਹੈ। ਇੱਕ ਅੰਗ ਦੇ ਦੁਖੀ ਹੋਣ ਦਾ ਅਰਥ ਹੈ ਕਿ ਸਾਰਾ ਸਰੀਰ ਦੁਖੀ ਹੁੰਦਾ ਹੈ। ਇੱਕ ਵਿਅਕਤੀ ਦੇ ਅਨੰਦ ਅਤੇ ਖੁਸ਼ੀ ਦਾ ਨਤੀਜਾ ਸਮਾਜ ਵਿੱਚ ਸਮੁਦਾਇਕ ਹੁੰਦਾ ਹੈ (ਵੇਖੋ ਰੋਮੀਆਂ 12:15)। ਮਸੀਹੀ ਲੋਕ ਉਨ੍ਹਾਂ ਨੂੰ ਦਿੱਤੀ ਗਈ ਪ੍ਰਭੂ ਦੀ ਜ਼ਿੰਮੇਵਾਰੀ ਵਿੱਚ ਘੱਟ ਰਹਿ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਅਨੰਦ ਕਰਨ ਵਾਲਿਆਂ ਨਾਲ ਅਨੰਦ ਕਰਨ ਨਾਲੋਂ ਸੋਗ ਕਰਨ ਵਾਲਿਆਂ ਨਾਲ ਸੋਗ ਕਰਨਾ ਜ਼ਿਆਦਾ ਸੌਖਾ ਲੱਗਦਾ ਹੈ। ਇੱਕੋ ਸਰੀਰ ਵਿੱਚ ਸਾਂਝੀ ਹੋ ਕੇ, ਮਸੀਹੀ ਲੋਕ ਆਤਮਾ ਦੇ ਬੰਧਨ ਦੁਆਰਾ ਇਕੱਠੇ ਬੱਝ ਜਾਂਦੇ ਹਨ। ਆਤਮਾ ਦੀਆਂ ਵੱਖ-ਵੱਖ ਦਾਤਾਂ ਕਦੇ ਵੀ ਫੁੱਟ ਜਾਂ ਵੰਡ ਦਾ ਸ੍ਰੋਤ ਨਹੀਂ ਬਣਨੀਆਂ ਚਾਹੀਦੀਆਂ।

ਵਿਅਕਤੀਗਤ ਪੱਛਮੀ ਸੱਭਿਆਚਾਰ ਵਿੱਚ, ਸ਼ਾਇਦ ਵਿਸ਼ਵਾਸੀਆਂ ਦੇ ਲਈ ਇਹ ਸਿੱਖਣ ਨਾਲੋਂ ਜ਼ਿਆਦਾ ਮਹੱਤਵਪੂਰਣ ਹੋਰ ਕੁਝ ਨਹੀਂ ਹੈ ਕਿ ਮਸੀਹੀਅਤ ਇੱਕ ਸਮੁਦਾਇਕ ਅਨੁਭਵ ਹੈ। ਮਸੀਹ ਨਾਲ ਕੋਈ ਵੀ ਏਕਤਾ ਤਦ ਤੱਕ ਏਕਤਾ ਨਹੀਂ ਹੁੰਦੀ ਜਦੋਂ ਤੱਕ ਇਹ ਦੇਹ ਦੇ ਕੰਮ ਕਰਨ ਦੇ ਦੁਆਰਾ ਨਹੀਂ ਆਉਂਦੀ। ਜਦੋਂ ਅੱਜ ਧਾਰਮਿਕ ਲੋਕ ਪੁੱਛਦੇ ਹਨ, "ਕੀ ਮਸੀਹ ਤੁਹਾਡਾ ਨਿੱਜੀ ਮੁਕਤੀਦਾਤਾ ਹੈ?" ਉਹ ਇੱਕ ਰਸਮੀ ਰਿਸ਼ਤੇ ਦੇ ਵਿਰੋਧ ਵਿੱਚ ਪ੍ਰਭੂ ਨਾਲ ਇੱਕ ਗੂੜ੍ਹੇ ਰਿਸ਼ਤੇ ਦੀ ਬੇਨਤੀ ਕਰਨ ਦਾ ਇਰਾਦਾ ਕਰ ਸਕਦੇ ਹਨ। ਫਿਰ ਵੀ, ਪਰਮੇਸ਼ੁਰ ਨੇ ਕੁਝ ਵਿਸ਼ੇਸ਼ ਹੁਕਮ ਦਿੱਤੇ ਹਨ ਜਿਨ੍ਹਾਂ ਦਾ ਉਨ੍ਹਾਂ ਦੁਆਰਾ ਪਾਲਣ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਮੁਕਤੀ ਦੀ ਇੱਛਾ ਰੱਖਦੇ ਹਨ। ਉਸ ਨੇ ਕਿਹਾ ਕਿ ਲੋਕਾਂ ਨੂੰ ਖੁਸ਼ਖ਼ਬਰੀ ਸੁਣਨ ਅਤੇ ਇਸ ਤੇ ਵਿਸ਼ਵਾਸ ਕਰਨ, ਆਪਣੇ ਪਾਪਾਂ ਤੋਂ ਤੋਬਾ ਕਰਨ, ਯਿਸੂ ਮਸੀਹ ਤੇ ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿੱਚ ਜਿਸ ਨੇ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਦੇ ਲਈ ਆਪਣਾ ਲਹੂ ਵਹਾ ਦਿੱਤਾ ਸੀ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਅਤੇ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਮਸੀਹ ਵਿੱਚ ਬਪਤਿਸਮਾ ਲੈਣ ਦੀ ਲੋੜ ਹੈ (ਵੇਖੋ ਰਸੂਲਾਂ ਦੇ ਕਰਤੱਬ 2:38; ਰੋਮੀਆਂ 10:8-10; 1 ਕੁਰਿੰਥੀਆਂ 1:21)। ਜਿਹੜੇ ਲੋਕ ਇਹ ਕਲਪਨਾ ਕਰਦੇ ਹਨ ਕਿ ਮਸੀਹ ਦੀ ਸੇਵਾ ਕਰਨ ਦਾ ਸਾਰ ਸਿਰਫ ਆਪਣੇ ਦਿਲ ਵਿੱਚ ਯਿਸੂ ਨੂੰ ਦਾਖ਼ਲ ਹੋਣ ਦੇਣਾ ਹੈ ਉਨ੍ਹਾਂ ਨੂੰ ਕਲੀਸੀਆ ਅਤੇ ਮਨੁੱਖੀ ਸਰੀਰ ਵਿਚਕਾਰ ਪੌਲੁਸ ਦੇ ਉਦਾਹਰਣ ਤੇ ਹੋਰ ਵੀ ਜ਼ਿਆਦਾ ਧਿਆਨ ਨਾਲ ਵਿਚਾਰ ਕਰਨ ਦੀ ਲੋੜ ਹੈ। ਯਿਸੂ ਨੇ ਆਪਣੀ ਤੁਲਨਾ ਅੰਗੂਰ ਦੀ ਵੇਲ ਨਾਲ ਅਤੇ ਜਿਹੜੇ ਉਸ ਤੇ ਵਿਸ਼ਵਾਸ ਕਰਦੇ ਹਨ ਉਨ੍ਹਾਂ ਦੀ ਤੁਲਨਾ ਟਹਿਣੀਆਂ ਨਾਲ ਕੀਤੀ ਸੀ।

ਵਿਅਕਤੀਗਤ ਵਿਸ਼ਵਾਸੀ ਮਸੀਹ ਵਿੱਚ ਸਾਂਝੀ ਹੋਣ ਤੋਂ ਬਿਨਾਂ ਚੰਗਾ ਫਲ ਨਹੀਂ ਦੇ ਸਕਦੇ (ਯੂਹੰਨਾ 15:1-11)। ਉਸੇ ਤਰ੍ਹਾਂ, ਉਹ ਮਸੀਹ ਦੀ ਦੇਹ ਵਿੱਚ ਮੈਂਬਰਸ਼ਿਪ ਤੋਂ ਬਿਨਾਂ ਪਰਮੇਸ਼ੁਰ ਨੂੰ ਆਦਰ ਅਤੇ ਮਹਿਮਾ ਨਹੀਂ ਦੇ ਸਕਦੇ।

## "ਚੰਗੀਆਂ ਤੋਂ ਚੰਗੀਆਂ ਦਾਤਾਂ ਨੂੰ ਲੋਚੋ" (12:27-31)

**27ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇੱਕ ਇੱਕ ਕਰਕੇ ਉਹ ਦੇ ਅੰਗ ਹੋ।
28ਅਤੇ ਕਲੀਸਿਯਾ ਵਿੱਚ ਪਰਮੇਸ਼ੁਰ ਨੇ ਕਈਆਂ ਨੂੰ ਥਾਪਿਆ ਹੈ, ਪਹਿਲਾਂ ਰਸੂਲਾਂ ਨੂੰ, ਦੂਜੇ ਨਬੀਆਂ ਨੂੰ, ਤੀਜੇ ਉਪਦੇਸ਼ਕਾਂ ਨੂੰ, ਫੇਰ ਕਰਾਮਾਤੀਆਂ ਨੂੰ, ਫੇਰ ਨਰੋਇਆਂ ਕਰਨ ਦੀਆਂ ਦਾਤਾਂ ਵਾਲਿਆਂ ਨੂੰ, ਉਪਕਾਰੀਆਂ ਨੂੰ, ਹਾਕਮਾਂ ਨੂੰ ਅਤੇ ਅਨੇਕ ਪਰਕਾਰ ਦੀਆਂ ਭਾਸ਼ਾਂ ਬੋਲਣ ਵਾਲਿਆਂ ਨੂੰ।
29ਕੀ ਸਾਰੇ ਰਸੂਲ ਹਨ? ਕੀ ਸਾਰੇ ਨਬੀ ਹਨ? ਕੀ ਸਾਰੇ ਉਪਦੇਸ਼ਕ ਹਨ? ਕੀ ਸਾਰੇ ਕਰਾਮਾਤੀ ਹਨ?
30ਕੀ ਸਭਨਾਂ ਨੂੰ ਨਰੋਇਆਂ ਕਰਨ ਦੀਆਂ ਦਾਤਾਂ ਮਿਲੀਆਂ ਹਨ? ਕੀ ਸਾਰੇ ਅਨੇਕ ਪਰਕਾਰ ਦੀਆਂ ਭਾਸ਼ਾਂ ਬੋਲਦੇ ਹਨ? ਕੀ ਸਾਰੇ ਅਰਥ ਕਰਦੇ ਹਨ?
31ਪਰ ਤੁਸੀਂ ਚੰਗੀਆਂ ਤੋਂ ਚੰਗੀਆਂ ਦਾਤਾਂ ਨੂੰ ਲੋਚੋ, ਨਾਲੇ ਮੈਂ ਤੁਹਾਨੂੰ ਇੱਕ ਬਹੁਤ ਹੀ ਸਰੇਸ਼ਟ ਮਾਰਗ ਦੱਸਦਾ ਹਾਂ।**

ਮਸੀਹ ਦੇ ਸਰੀਰ ਵਿੱਚ ਏਕਤਾ ਵਿਅਕਤੀਗਤ ਜ਼ਿੰਮੇਵਾਰੀ ਨਾਲ ਸ਼ੁਰੂ ਹੁੰਦੀ ਹੈ। ਕੁਰਿੰਥੁਸ ਦੀ ਕਲੀਸੀਆ ਵਿੱਚ ਆਤਮਾ ਨੇ ਕੁਝ ਮੈਂਬਰਾਂ ਨੂੰ ਅਜਿਹੀਆਂ ਦਾਤਾਂ ਦਿੱਤੀਆਂ ਸਨ ਜੋ ਸਰੀਰ ਦੀ ਉਸਾਰੀ ਜਾਂ ਉੱਨਤੀ ਦੇ ਲਈ ਸਨ। ਫਿਰ ਵੀ, ਕਲੀਸੀਆ ਦੀ ਏਕਤਾ ਵਿਅਕਤੀਗਤ ਜਾਂ ਮੰਡਲੀ ਪੱਧਰਾਂ ਤੋਂ ਪਰੇ ਜਾਂਦੀ ਹੈ। ਹਰ ਮੰਡਲੀ ਪਰਮੇਸ਼ੁਰ ਦੇ ਮਸੀਹ ਦੇ ਪ੍ਰਤੀ ਇੱਕ ਸਾਂਝੀ ਤਾਬੇਦਾਰੀ ਦੁਆਰਾ ਇੱਕ ਸਾਥ ਬੱਝੀ ਹੋਈ ਹੈ, ਜਿਸ ਨੇ ਆਪਣੇ ਲਈ ਲੋਕਾਂ ਨੂੰ ਛੁਡਾਉਣ ਦੇ ਲਈ ਆਪਣੀ ਜਾਨ ਦੇ ਦਿੱਤੀ। ਰਸੂਲ ਨੇ ਕਲੀਸੀਆ ਵਿੱਚ ਉਨ੍ਹਾਂ ਪਦਵੀਆਂ ਵਿਚਕਾਰ ਜੋ ਮੰਡਲੀ ਦੇ ਪੱਧਰ ਤੇ ਸਰੇਸ਼ਟ ਹੁੰਦੀਆਂ ਹਨ ਅਤੇ ਉਨ੍ਹਾਂ ਪਦਵੀਆਂ ਵਿੱਚ ਜਿਨ੍ਹਾਂ ਦਾ ਇੱਕ ਖ਼ਾਸ ਥਾਂ ਤੇ ਇਸਤੇਮਾਲ ਹੁੰਦਾ ਹੈ ਇੱਕ ਅਲੱਗ ਲਕੀਰ ਨਹੀਂ ਖਿੱਚੀ। ਉਸ ਦੀ ਚਿੰਤਾ ਉਹ ਅਨੇਕ ਪਰਕਾਰ ਦੀਆਂ ਦਾਤਾਂ ਅਤੇ ਪ੍ਰਤਿਭਾਵਾਂ ਸਨ ਜਿਨ੍ਹਾਂ ਨਾਲ ਮਸੀਹੀ ਲੋਕ ਯੋਗਦਾਨ ਦਿੰਦੇ ਹਨ। ਜਦੋਂ ਵਿਸ਼ਵਾਸੀ ਸਹੀ ਢੰਗ ਨਾਲ ਉਨ੍ਹਾਂ ਦੀਆਂ ਪ੍ਰਤਿਭਾਵਾਂ ਅਤੇ ਕਲੀਸੀਆ ਦੀਆਂ ਜ਼ਰੂਰਤਾਂ ਨੂੰ ਸਮਝ ਲੈਂਦੇ ਹਨ, ਤਾਂ ਸਾਰੇ ਛੋਟੀਆਂ-ਮੋਟੀਆਂ ਈਰਖਾਵਾਂ ਨੂੰ ਤਿਆਗ ਦੇਣਗੇ। ਹਰ ਕੋਈ ਉਨ੍ਹਾਂ ਯੋਗਤਾਵਾਂ ਵਿੱਚ ਖੁਸ਼ ਹੋਵੇਗਾ ਜੋ ਪਰਮੇਸ਼ੁਰ ਨੇ ਦੂਜਿਆਂ ਨੂੰ ਦਿੱਤੀਆਂ ਹਨ ਅਤੇ ਹਰੇਕ ਮੈਂਬਰ ਉਸ ਦੀਆਂ ਆਪਣੀਆਂ ਪ੍ਰਤਿਭਾਵਾਂ ਅਤੇ ਉਨ੍ਹਾਂ ਦੀਆਂ ਪ੍ਰਤਿਭਾਵਾਂ ਦੇ ਰਾਹੀਂ ਜੋ ਪ੍ਰਭੂ ਨੇ ਸਾਥੀ ਮਸੀਹੀ ਲੋਕਾਂ ਨੂੰ ਦਿੱਤੀਆਂ ਹਨ ਪਰਮੇਸ਼ੁਰ ਦਾ ਆਦਰ ਅਤੇ ਵਡਿਆਈ ਕਰੇਗਾ।

**ਆਇਤ 27.** ਇੱਕ ਇੱਕ ਕਰਕੇ, ਹਰ ਮਸੀਹੀ ਵਿਅਕਤੀ ਪਰਮੇਸ਼ੁਰ ਦੁਆਰਾ ਉਸ ਨੂੰ ਦਿੱਤੀਆਂ ਗਈਆਂ ਯੋਗਤਾਵਾਂ ਨਾਲ **ਮਸੀਹ ਦੇ ਸਰੀਰ** ਨੂੰ ਤੰਦਰੁਸਤ ਰੱਖਣ ਵਿੱਚ ਆਪਣਾ-ਆਪਣਾ ਯੋਗਦਾਨ ਦਿੰਦਾ ਹੈ। ਇਕੱਲੇ-ਇਕੱਲੇ **ਅੰਗ** ਦੇ ਰਲ ਕੇ ਪੂਰੇ ਸਰੀਰ ਦੇ ਲਈ ਕੰਮ ਕਰਨ ਦੇ ਲਈ ਯੋਗਦਾਨ ਦਿੱਤੇ ਬਿਨਾਂ ਇਹ ਇੱਕ ਸਰੀਰ ਨਹੀਂ ਬਣ ਸਕਦਾ। ਸਰੀਰ ਕਿਸੇ ਹੋਰ ਦਾ ਨਹੀਂ ਹੈ। ਸਰੀਰ ਇਸ ਦੇ ਅੰਗਾਂ ਦਾ ਹੈ, ਵਿਅਕਤੀਗਤ ਤੌਰ ਤੇ ਇਸ ਨੂੰ ਇੱਕ ਇਕਾਈ ਦੇ ਰੂਪ ਵਿੱਚ ਕੰਮ ਕਰਦਿਆਂ ਸਮਝਿਆ ਜਾਂਦਾ ਹੈ। ਸਰੀਰ ਦਾ ਹਰੇਕ ਅੰਗ ਜੋ

ਕੁਝ ਵੀ ਕਰਦਾ ਹੈ, ਇਹ ਕਲੀਸੀਆ ਹੀ ਕੰਮ ਕਰ ਰਹੀ ਹੁੰਦੀ ਹੈ। ਭਾਵੇਂ ਇੱਕ ਮਸੀਹੀ ਵਿਅਕਤੀ ਸ਼ਰਮਿੰਦਗੀ ਜਾਂ ਨੇਕੀ ਵਾਲਾ ਕੋਈ ਕੰਮ ਕਰਦਾ ਹੈ, ਇਹ ਕੰਮ ਸਮੁੱਚੀ ਕਲੀਸੀਆ ਹੀ ਕਰ ਰਹੀ ਹੁੰਦੀ ਹੈ। ਉਸ ਥਾਂ ਤੋਂ ਇਲਾਵਾ ਜੋ ਮਸੀਹੀ ਵਿਅਕਤੀ ਦੀ ਇੱਕ ਕਲੀਸੀਆ ਵਿੱਚ ਹੈ ਕੋਈ ਮਸੀਹੀਅਤ ਨਹੀਂ ਹੈ। ਪੌਲੁਸ ਇਕਾਂਤ ਵਿਸ਼ਵਾਸੀਆਂ ਬਾਰੇ ਕੁਝ ਨਹੀਂ ਸੀ ਜਾਣਦਾ ਜਿਹੜੇ ਕਹਿੰਦੇ ਹਨ, "ਮਸੀਹ, ਹਾਂ; ਕਲੀਸੀਆ, ਨਹੀਂ।" ਮਸੀਹ ਦੇ ਸਰੀਰ ਨੂੰ "ਹਾਂ" ਕਰਨ ਤੋਂ ਬਿਨਾਂ ਉਸ ਦੇ ਲਈ ਕੋਈ "ਹਾਂ" ਨਹੀਂ ਹੈ। ਜੋ ਲੋਕ ਕਲੀਸੀਆ ਨੂੰ ਇੱਕ ਲੜੀਵਾਰ ਤਰਤੀਬ ਜਾਂ ਇੱਕ ਇਮਾਰਤ ਦੇ ਰੂਪ ਵਿੱਚ ਸਮਝਦੇ ਹਨ ਗਲਤ ਹਨ। ਕਲੀਸੀਆ ਪਰਮੇਸ਼ੁਰ ਦੇ ਲੋਕ ਹਨ, ਬੰਦਗੀ ਕਰਨਾ ਅਤੇ ਇੱਕ ਸਾਂਝੀ ਆਸ ਵਿੱਚ ਅਤੇ ਜੀਵਨ ਦੇ ਇੱਕ ਸਾਂਝੇ ਮਾਰਗ ਵਿੱਚ ਉਤਸ਼ਾਹਿਤ ਕਰਨਾ ਹੈ।

**ਆਇਤ 28.** ਜਦਕਿ **ਕਲੀਸਿਯਾ** ਸ਼ਬਦ ਅਕਸਰ ਮਸੀਹੀ ਲੋਕਾਂ ਦੇ ਸਥਾਨਕ ਦਲ ਦੀ ਮੰਡਲੀ ਦੇ ਲਈ ਵਰਤਿਆ ਜਾਂਦਾ ਹੈ, ਇਹ ਵਿਸ਼ਵਾਸੀਆਂ ਦੇ ਵਿਸ਼ਵਵਿਆਪੀ ਸਮੁਦਾਏ ਦਾ ਵੀ ਹਵਾਲਾ ਦਿੰਦਾ ਹੈ। τῇ ἐκκλησίᾳ (*ਟੇ ਐਕਲੀਸੀਆ*, "ਕਲੀਸੀਆ") ਵਿੱਚ ਪੌਲੁਸ ਦੀ ਅਨੁੱਛੇਦ ਦੀ ਵਰਤੋਂ, ਇਸ ਨੂੰ ਸੰਦਰਭ ਵਿੱਚ ਲਿਆ ਜਾਵੇ ਤਾਂ ਇਹ ਇਸ਼ਾਰਾ ਕਰਦੀ ਹੈ ਕਿ ਮੂਲ ਲਿਖਤ ਵਿੱਚ ਅੱਗੇ ਆਉਣ ਵਾਲੀਆਂ ਦਾਤਾਂ ਦੀ ਸੂਚੀ ਦੀ ਵਿਸ਼ਵਵਿਆਪੀ ਦੇ ਨਾਲ-ਨਾਲ ਸਥਾਨਕ ਪ੍ਰਾਸੰਗਿਕਤਾ ਵੀ ਹੈ। ਰਸੂਲਪੁਣਾ ਆਤਮਾ ਦੀ ਇੱਕ ਦਾਤ ਦੇ ਰੂਪ ਵਿੱਚ ਚੰਗਿਆਂ ਕਰਨ ਦੀ ਦਾਤ ਦੇ ਨਾਲ ਖੜ੍ਹਾ ਸੀ। ਰਸੂਲ ਦੀ ਪਦਵੀ ਇਖ਼ਤਿਆਰ ਦਾ ਸੁਝਾਅ ਦਿੰਦੀ ਹੈ (ਵੇਖੋ ਮੱਤੀ 28:16-20); ਰਸੂਲ ਹਰ ਥਾਂ ਤੇ ਕਲੀਸੀਆ ਦੀ ਉੱਨਤੀ ਅਤੇ ਸਿੱਖਿਆ ਦੇ ਲਈ ਕੰਮ ਕਰਦੇ ਸਨ। **ਰਸੂਲਾਂ** ਸ਼ਬਦ ਉਨ੍ਹਾਂ ਦੇ ਲਈ ਇੱਕ ਸਧਾਰਣ ਸ਼ਬਦ ਹੋ ਸਕਦਾ ਹੈ ਜਿਹੜੇ ਕਲੀਸੀਆ ਦੁਆਰਾ ਇੱਕ ਵਿਸ਼ੇਸ਼ ਮਿਸ਼ਨ ਤੇ ਭੇਜੇ ਗਏ ਸਨ (ਰਸੂਲਾਂ ਦੇ ਕਰਤੱਬ 14:14[16]), ਪਰ ਇਹ ਸ਼ਬਦ ਉਨ੍ਹਾਂ ਬਾਰ੍ਹਾਂ ਮਨੁੱਖਾਂ ਦੇ ਲਈ ਵੀ ਇਸਤੇਮਾਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਮਸੀਹ ਦੁਆਰਾ ਉਸ ਦੇ ਜੀ ਉੱਠਣ ਦੇ ਗਵਾਹਾਂ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਸੀ। ਬਾਰ੍ਹਾਂ ਰਸੂਲਾਂ ਨੂੰ ਇਖ਼ਤਿਆਰ ਸਹਿਤ ਆਗਿਆ ਦਿੱਤੀ ਗਈ ਸੀ (ਮਰਕੁਸ 16:14-18)। ਪੌਲੁਸ ਦੇ ਕੋਲ ਵੀ ਉਹੀ ਮਿਸ਼ਨ ਅਤੇ ਇਖ਼ਤਿਆਰ ਸੀ ਜੋ ਬਾਰ੍ਹਾਂ ਨੂੰ ਦਿੱਤਾ ਗਿਆ ਸੀ (1 ਕੁਰਿੰਥੀਆਂ 15:9; ਗਲਾਤੀਆਂ 1:11, 12)।

**ਨਬੀਆਂ** ਨੂੰ ਰਸੂਲਾਂ ਨਾਲ ਰਲ ਕੇ ਕਲੀਸੀਆ ਨੂੰ ਸਿੱਖਿਆਵਾਂ ਅਤੇ ਕੰਮਾਂ ਵਿੱਚ ਮਾਰਗ-ਦਰਸ਼ਣ ਕਰਨ ਦੇ ਲਈ ਰੱਬੀ ਤੌਰ ਤੇ ਪ੍ਰੇਰਣਾ ਦਿੱਤੀ ਗਈ ਸੀ; ਪਰ ਨਬੀਆਂ ਦਾ ਅਧਿਕਾਰ ਰਸੂਲੀ ਅਹੁਦੇ ਨਾਲੋਂ ਘੱਟ ਸੀ। ਜਦੋਂ ਉਨ੍ਹਾਂ ਦਾ ਰਸੂਲਾਂ ਨਾਲ ਜ਼ਿਕਰ ਕੀਤਾ ਗਿਆ ਸੀ, ਉਨ੍ਹਾਂ ਨੂੰ ਸੂਚੀ ਵਿੱਚ ਦੂਜੇ ਸਥਾਨ ਤੇ ਰੱਖਿਆ ਗਿਆ ਹੈ (12:28, 29; ਅਫ਼ਸੀਆਂ 2:20; 3:5; 4:11)। ਸ਼ਾਇਦ ਕੁਝ ਮੰਡਲੀਆਂ ਵਿੱਚ, ਨਾ ਤਾਂ ਰਸੂਲ ਅਤੇ ਨਾ ਹੀ ਨਬੀ ਮੌਜੂਦ ਸਨ। ਪੌਲੁਸ ਇਹ ਕਹਿ ਰਿਹਾ ਸੀ ਕਿ ਜਿਹੜੇ ਇਨ੍ਹਾਂ ਅਹੁਦਿਆਂ ਤੇ ਰਹਿ ਕੇ ਸੇਵਾ ਕਰ ਰਹੇ ਸਨ ਆਤਮਾ ਨੇ ਉਨ੍ਹਾਂ ਨੂੰ ਵਿਸ਼ਵਵਿਆਪੀ ਕਲੀਸੀਆ ਦੇ ਲਾਭ ਲਈ ਦਾਤਾਂ ਦਿੱਤੀਆਂ ਸਨ। ਨਬੀਂ ਸ਼ਾਇਦ ਸਿਰਫ ਮੰਡਲੀ ਵਿੱਚ ਹੀ ਰਹਿ ਕੇ ਕੰਮ ਕਰਦੇ ਹੋਣਗੇ, ਜਾਂ ਉਹ ਇੱਕ ਕਲੀਸੀਆ ਤੋਂ ਦੂਜੀ ਕਲੀਸੀਆ ਵਿੱਚ ਜਾਂਦੇ ਹੋਣਗੇ। ਇੱਕ ਰਸੂਲ ਜਾਂ ਇੱਕ ਨਬੀ ਦੇ ਅਹੁਦੇ ਜਾਂ ਕਿਸੇ ਹੋਰ ਭੂਮਿਕਾ ਸੰਬੰਧੀ, ਪੌਲੁਸ ਉਨ੍ਹਾਂ ਦੇ ਬਾਰੇ ਗੱਲ ਕਰ ਸਕਦਾ ਸੀ ਜਿਨ੍ਹਾਂ ਨੂੰ ਮਸੀਹ ਨੇ ਖੁਦ ਆਪਣੀ ਕਲੀਸੀਆ ਵਿੱਚ ਰੱਖਿਆ ਸੀ; ਉਸ ਨੇ ਆਪਣੇ ਲੋਕਾਂ ਨੂੰ ਉਨ੍ਹਾਂ ਦੀਆਂ ਆਪਣੀਆਂ-ਆਪਣੀਆਂ ਭੂਮਿਕਾਵਾਂ "ਦਿੱਤੀਆਂ" (ਅਫ਼ਸੀਆਂ 4:11)। ਪਰਾਈਆਂ

ਕੌਮਾਂ ਦੇ ਲਈ ਬਣੇ ਇਸ ਰਸੂਲ ਨੇ ਮਸੀਹ ਦੇ ਕੰਮ ਅਤੇ ਆਤਮਾ ਦੇ ਕੰਮ ਵਿਚਕਾਰ ਥੋੜ੍ਹਾ ਜਿਹਾ ਵੀ ਅੰਤਰ ਨਹੀਂ ਸੀ ਦਰਸਾਇਆ।

ਆਤਮਾ ਦੁਆਰਾ ਕਲੀਸੀਆ ਨੂੰ ਦਾਤਾਂ ਦੇਣ ਦੇ ਵਸੀਲੇ ਨਾਲ, ਪਰਮੇਸ਼ੁਰ ਨੇ ਕਲੀਸੀਆ ਵਿੱਚ **ਉਪਦੇਸ਼ਕਾਂ** ਨੂੰ ਵੀ ਥਾਪਿਆ (ਅਫ਼ਸੀਆਂ 4:11; ਵੇਖੋ ਯਾਕੂਬ 3:1)। ਸ਼ਾਇਦ, ਉਪਦੇਸ਼ਕ ਸਾਰੀਆਂ ਮੰਡਲੀਆਂ ਵਿੱਚ ਮੌਜੂਦ ਸਨ। ਉਹ ਬਹੁਤ ਹੀ ਜ਼ਿਆਦਾ ਜ਼ਰੂਰੀ ਸਨ, ਪਰ ਉਨ੍ਹਾਂ ਨੂੰ ਸੂਚੀ ਵਿੱਚ ਤੀਜੇ ਸਥਾਨ ਤੇ ਰੱਖਿਆ ਗਿਆ ਹੈ ਕਿਉਂਕਿ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਨੂੰ ਅਧਿਕਾਰਕ ਮਾਰਗ-ਦਰਸ਼ਣ ਦੇਣ ਦੇ ਲਈ ਆਤਮਾ ਦੁਆਰਾ ਦਾਨ ਦਿੱਤਾ ਗਿਆ ਸੀ। ਅਗਲੇ ਦੋ ਸ਼ਬਦਾਂ ਦੇ ਲਈ, ਪੌਲੁਸ ਉਨ੍ਹਾਂ ਆਤਮਿਕ ਦਾਤਾਂ ਦੀ ਵੱਲ ਮੁੜ ਗਿਆ ਜਿਨ੍ਹਾਂ ਨੂੰ ਉਸ ਨੇ ਪਹਿਲਾਂ ਆਪਣੀ ਸੂਚੀ ਵਿੱਚ ਲਿਖਿਆ ਸੀ। ਉਹ ਸਵਾਲ ਜਿਹੜੇ ਸਾਡੇ ਸਮੇਂ ਵਿੱਚ ਕਲੀਸੀਆ ਵਿੱਚ ਉੱਠੇ ਹਨ ਉਨ੍ਹਾਂ ਨੇ ਵਿਸ਼ਵਾਸੀਆਂ ਨੂੰ ਚਮਤਕਾਰੀ ਢੰਗ ਨਾਲ ਮਿਲੀਆਂ ਆਤਮਿਕ ਦਾਤਾਂ ਨੂੰ ਉਨ੍ਹਾਂ ਸੁਭਾਵਕ ਯੋਗਤਾਵਾਂ ਤੋਂ ਅੱਡ ਕਰਨ ਦੇ ਲਈ ਉਕਸਾਇਆ ਜੋ ਮਸੀਹੀ ਲੋਕ ਕਲੀਸੀਆ ਦੀ ਸੇਵਾ ਵਿੱਚ ਸਪੁਰਦ ਕਰ ਸਕਦੇ ਹਨ। ਪੌਲੁਸ ਨੂੰ ਅਜਿਹੇ ਅੰਤਰਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਇਹ ਵਿਖਾਉਣਾ ਚਾਹੁੰਦਾ ਸੀ ਕਿ ਵਿਅਕਤੀਗਤ ਮਸੀਹੀ ਲੋਕ ਸਰੀਰ ਵਿੱਚ ਵੱਖ-ਵੱਖ ਤਰੀਕੇ ਨਾਲ ਕੰਮ ਕਰਦੇ ਸਨ, ਫਿਰ ਭਾਵੇਂ ਉਹ ਸੁਭਾਵਕ ਪ੍ਰਤਿਭਾਵਾਂ ਜਾਂ ਚਮਤਕਾਰੀ ਦਾਤਾਂ ਨੂੰ ਇਸਤੇਮਾਲ ਕਰ ਰਹੇ ਸਨ। ਕਲੀਸੀਆ ਵਿੱਚ ਕੁਝ ਉਪਦੇਸ਼ਕਾਂ ਨੂੰ ਚਮਤਕਾਰੀ ਢੰਗ ਨਾਲ ਮੁਸ਼ਕਲ ਸਵਾਲਾਂ ਨੂੰ ਸੰਬੋਧਿਤ ਕਰਨ ਦੀ ਯੋਗਤਾ ਦਿੱਤੀ ਗਈ ਸੀ ਜਦਕਿ ਕਈਆਂ ਕੋਲ ਇਹ ਯੋਗਤਾ ਨਹੀਂ ਸੀ।

ਮਸੀਹੀ ਲੋਕ ਜਿਨ੍ਹਾਂ ਨੂੰ ਆਤਮਾ ਨੇ ਚਮਤਕਾਰੀ ਸ਼ਕਤੀਆਂ ਦਿੱਤੀਆਂ ਸਨ – **ਕਰਾਮਾਤੀਆਂ** – ਸੰਭਵ ਤੌਰ ਤੇ ਵਿਆਪਕ ਸ਼ਰੇਣੀ ਵਿੱਚ ਉਨ੍ਹਾਂ ਵਿੱਚੋਂ ਸਨ ਜਿਨ੍ਹਾਂ ਕੋਲ **ਨਰੋਇਆਂ ਕਰਨ ਦੀਆਂ ਦਾਤਾਂ** ਸਨ। 12:28 ਵਿੱਚ ਅਗਲੇ ਦੋ ਸ਼ਬਦ ਗੈਰ-ਚਮਤਕਾਰੀ ਯੋਗਤਾਵਾਂ ਦਾ ਹਵਾਲਾ ਦਿੰਦੇ ਪ੍ਰਤੀਤ ਹੁੰਦੇ ਹਨ। ਪਹਿਲਾਂ ਸ਼ਬਦ, **ਉਪਕਾਰੀਆਂ** (ἀντιλήμψεις, *ਐਂਟੀਪਲੈਮਪਸੀਸ;* "ਮਦਦ ਕਰਨਾ"; NIV) ਨਵੇਂ ਨੇਮ ਵਿੱਚ ਸਿਰਫ ਇੱਥੇ ਹੀ ਆਉਂਦਾ ਹੈ। ਇਹ ਕਹਿਣਾ ਸੁਰੱਖਿਅਤ ਹੈ ਕਿ ਇਹ ਸ਼ਬਦ ਮਦਦ ਕਰਨ ਵਾਲੇ ਕੰਮਾਂ ਦਾ ਹਵਾਲਾ ਦਿੰਦਾ ਹੈ ਜਿਨ੍ਹਾਂ ਨਾਲ ਕੁਝ ਲੋਕ ਦੂਜਿਆਂ ਦੀ ਸੇਵਾ ਕਰਦੇ ਹਨ, ਜਾਂ ਤਾਂ ਸਰੀਰ ਵਿੱਚ ਹੋ ਕੇ ਜਾਂ ਇਸ ਤੋਂ ਬਾਹਰ। ਸ਼ਾਇਦ ਆਤਮਾ ਨੇ ਕੁਝ ਲੋਕਾਂ ਨੂੰ ਦਇਆ ਅਤੇ ਦਾਨ ਪੁੰਨ ਕਰਨ ਦੇ ਕੰਮ ਕਰਨ ਵਾਸਤੇ ਇੱਕ ਖਾਸ ਸੁਭਾਅ ਜਾਂ ਖਾਸ ਮੌਕੇ ਦਿੱਤੇ ਸਨ। ਅਗਲਾ ਸ਼ਬਦ, **ਹਾਕਮਾਂ** (κυβερνήσεις, *ਕੁਬੇਰਨੇਸੀਸ*) ਵੀ ਨਵੇਂ ਨੇਮ ਵਿੱਚ ਸਿਰਫ ਇੱਥੇ ਹੀ ਆਉਂਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਵਿਹਾਰਕ ਗੱਲਾਂ ਵਿੱਚ ਅਗਵਾਈ ਕਰਨ ਦਾ ਹਵਾਲਾ ਦਿੰਦਾ ਹੈ, ਜਿਵੇਂ ਕਿ ਸਭਾ ਜਾਂ ਬੰਦਗੀ ਦੇ ਲਈ ਇੱਕ ਥਾਂ ਜਾਂ ਸਮਾਂ ਤੈਅ ਕਰਨਾ ਜਾਂ ਸਭਾ ਦੇ ਚਾਲ-ਚਲਣ ਵਿੱਚ ਮਾਰਗ-ਦਰਸ਼ਣ ਕਰਨਾ। ਇਹ ਇਤਫਾਕ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਨੇ ਆਪਣੀ ਸੂਚੀ ਵਿੱਚ ਉਸ ਦਾਤ ਨੂੰ ਸਭ ਤੋਂ ਅਖ਼ੀਰ ਵਿੱਚ ਰੱਖਿਆ ਜਿਸ ਦੀ ਕੁਰਿੰਥੁਸ ਦੇ ਲੋਕ ਸਭ ਤੋਂ ਜ਼ਿਆਦਾ ਲਾਲਸਾ ਕਰਦੇ ਪ੍ਰਤੀਤ ਹੁੰਦੇ ਹਨ। ਉਸ ਨੇ ਵਿਖਾਇਆ ਕਿ **ਭਾਸ਼ਾਂ** ਬੋਲਣ ਦੀ ਦਾਤ (ਵੇਖੋ 12:10) ਕੋਈ ਖਾਸ ਦਾਤ ਨਹੀਂ ਸਮਝਿਆ ਜਾਣਾ ਚਾਹੀਦਾ।

**ਆਇਤ 29.** 12:29, 30 ਵਿੱਚ ਆਪਣੇ ਨਕਾਰਾਤਮਕ μή (*ਮੀ*) ਸਵਾਲਾਂ ਦੁਆਰਾ ਪੌਲੁਸ ਨੇ ਇਹ ਇਸ਼ਾਰਾ ਕੀਤਾ ਸੀ ਕਿ ਉਸ ਨੇ ਨਕਾਰਾਤਮਕ ਜਵਾਬਾਂ ਦੀ ਉਮੀਦ ਕੀਤੀ

ਸੀ। ਯੂਨਾਨੀ ਵਿਆਕਰਣ ਦੀ ਤਾਕਤ ਨੂੰ ਸਮਝਣ ਦੇ ਲਈ, NASB ਬਾਈਬਲ ਇਹ ਦਾ ਇਸ ਤਰ੍ਹਾਂ ਅਨੁਵਾਦ ਕਰਦੀ ਹੈ, **ਕੀ ਸਾਰੇ ਰਸੂਲ ਨਹੀਂ ਹਨ?** ਅਤੇ ਬਾਕੀ ਦੇ ਸਵਾਲਾਂ ਵਿੱਚ ਇਹੀ ਨਮੂਨਾ ਅਪਨਾਇਆ ਗਿਆ ਹੈ। ਕਿਸੇ ਨੇ ਵੀ ਆਪਣੇ ਸਾਥੀ ਮਸੀਹੀ ਨਾਲ ਜਿਸ ਦੇ ਕੋਲ ਅਨੋਖੀਆਂ ਦਾਤਾਂ ਸਨ ਈਰਖਾ ਨਹੀਂ ਸੀ ਕਰਨੀ, ਭਾਵੇਂ ਉਹ ਭਾਸ਼ਾਂ ਬੋਲਣ ਵਾਲੀ, ਰਸੂਲਪੁਣੇ ਜਾਂ ਨਰੋਇਆਂ ਕਰਨ ਦੀ ਦਾਤ ਹੋਵੇ। ਕਲੀਸੀਆ ਦੀ ਸਹੀ ਤਰ੍ਹਾਂ ਨਾਲ ਸੇਵਾ ਕਰਨ ਦੇ ਲਈ, ਕਲੀਸੀਆ ਦੇ ਮੈਂਬਰਾਂ ਨੂੰ ਅਨੇਕ ਪਰਕਾਰ ਦੀਆਂ ਦਾਤਾਂ ਦੀ ਲੋੜ ਸੀ। ਹਰ ਮਸੀਹੀ ਵਿਅਕਤੀ ਨੇ ਉਨ੍ਹਾਂ ਦਾਤਾਂ ਬਾਰੇ ਖੁਸ਼ ਹੋਣਾ ਸੀ ਜੋ ਦੂਜਿਆਂ ਦੇ ਕੋਲ ਸਨ ਅਤੇ ਉਨ੍ਹਾਂ ਦਾਤਾਂ ਵਿੱਚ ਹੀ ਸੰਤੁਸ਼ਟ ਹੋਣਾ ਸੀ ਜੋ ਪਰਮੇਸ਼ੁਰ ਨੇ ਉਸ ਨੂੰ ਦਿੱਤੀਆਂ ਸਨ। ਪੌਲੁਸ ਦੇ ਲਈ, ਰਸੂਲ ਦੀ ਪਦਵੀ ਨੇ ਉਸ ਨੂੰ ਜਿਵੇਂ ਮੌਕੇ ਦੀ ਮੰਗ ਸੀ ਅਜਿਹੀਆਂ ਦਾਤਾਂ ਦੀ ਅਪੀਲ ਕਰਨ ਦਾ ਇਖ਼ਤਿਆਰ ਦਿੱਤਾ ਹੋਵੇਗਾ (1 ਕੁਰਿੰਥੀਆਂ 14:18; 2 ਕੁਰਿੰਥੀਆਂ 12:12)। ਰਸੂਲ ਨੇ ਕੁਰਿੰਥੀਆਂ ਦੇ ਲੋਕਾਂ ਦੇ ਅੱਗੇ ਉਹੀ ਨਮੂਨਾ ਪੇਸ਼ ਕੀਤਾ ਜੋ ਉਹ ਉਨ੍ਹਾਂ ਦੇ ਬਣਨ ਦੀ ਉਮੀਦ ਕਰਦਾ ਸੀ। ਉਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਸ ਦੇ ਕੋਲ ਜੋ ਵੀ ਦਾਤਾਂ ਸਨ, ਉਸ ਨੇ ਮਸੀਹ ਦੀ ਦੇਹ ਦੀ ਤੰਦਰੁਸਤੀ ਦੇ ਲਈ ਆਪਣੀਆਂ ਯੋਗਤਾਵਾਂ ਦਾ ਇਸਤੇਮਾਲ ਕੀਤਾ ਸੀ।

**ਆਇਤ 30.** ਹਰ ਸਵਾਲ ਦੇ ਨਕਾਰਾਤਮਕ ਜਵਾਬ ਦੀ ਉਮੀਦ ਵਿੱਚ ਅਲੰਕਾਰਕ ਸਵਾਲਾਂ ਦੀ ਲੜੀ ਚੱਲਦੀ ਰਹਿੰਦੀ ਹੈ। ਬੇਸ਼ੱਕ, ਸਭਨਾਂ ਕੋਲ ਇੱਕੋ ਜਿਹੀਆਂ ਦਾਤਾਂ ਨਹੀਂ ਸਨ; ਜੇਕਰ ਉਸ ਤਰਾਂ ਹੁੰਦਾ ਤਾਂ ਕਲੀਸੀਆ ਨੇ ਇੱਕ ਕਮਜ਼ੋਰ ਸਰੀਰ ਹੋਣਾ ਸੀ। ਸਰੀਰ ਦੇ ਅੰਗ ਇੱਕ ਦੂਜੇ ਤੇ ਨਿਰਭਰ ਹੁੰਦੇ ਹਨ। ਮਸੀਹੀ ਲੋਕਾਂ ਨੂੰ ਉਨ੍ਹਾਂ ਦਾਤਾਂ ਤੇ ਖੁਸ਼ੀ ਮਨਾਉਣੀ ਚਾਹੀਦੀ ਹੈ ਜੋ ਭਰਾਵਾਂ ਅਤੇ ਭੈਣਾਂ ਨੂੰ ਸਮੁੱਚੀ ਕਲੀਸੀਆ ਦੇ ਬਰਕਤ ਦੇ ਲਈ ਮਿਲੀਆਂ ਹਨ। ਦਾਤ ਭਾਵੇਂ ਕੋਈ ਵੀ ਹੋਵੇ (ਅਨੇਕ ਪਰਕਾਰ ਦੀਆਂ ਭਾਸ਼ਾਂ ਬੋਲਣਾ, ਨਰੋਇਆਂ ਕਰਨ ਦੀਆਂ ਦਾਤਾਂ, ਉਪਕਾਰੀਆਂ, ਹਾਕਮਾਂ), ਕਿਸੇ ਨੂੰ ਵੀ ਇਹ ਹੱਕ ਨਹੀਂ ਸੀ ਕਿ ਉਹ ਦੂਜਿਆਂ ਦੀ ਦਾਤ ਨੂੰ ਜਲਨ ਜਾਂ ਈਰਖਾ ਵਾਲੀ ਭਾਵਨਾ ਨਾਲ ਵੇਖੇ। ਕਿਸੇ ਨੂੰ ਵੀ ਆਪਣੇ ਆਪ ਨੂੰ ਇਸ ਕਰਕੇ ਵਾਂਝਿਆਂ ਨਹੀਂ ਸਮਝਣਾ ਚਾਹੀਦਾ ਕਿਉਂਕਿ ਉਸ ਦੇ ਕੋਲ ਉਹ ਦਾਤਾਂ ਨਹੀਂ ਸਨ ਜੋ ਦੂਜਿਆਂ ਦੇ ਕੋਲ ਸਨ। ਸਾਰੇ ਮਸੀਹੀ ਲੋਕ ਭਾਸ਼ਾਂ ਵਿੱਚ ਨਹੀਂ ਬੋਲਦੇ, ਨਾ ਹੀ ਹਰ ਕੋਈ ਨਰੋਇਆਂ ਕਰ ਸਕਦਾ ਹੈ ਜਾਂ ਹੋਰ ਕਰਾਮਾਤਾਂ ਕਰ ਸਕਦਾ ਹੈ। ਜਿਵੇਂ 12:10 ਵਿੱਚ, ਪੌਲੁਸ ਨੇ ਕਿਹਾ ਸੀ ਕਿ ਜਿਹੜਾ **ਭਾਸ਼ਾਂ** ਬੋਲਦਾ ਹੈ ਉਸ ਨੂੰ ਇਸ ਦਾ ਅਰਥ ਵੀ ਕਰਨਾ ਚਾਹੀਦਾ ਹੈ। ਅਧਿਆਇ 14 ਵਿੱਚ ਉਹ ਅਰਥ ਕਰਨ ਦੇ ਵਿਚਾਰ ਵੱਲ ਵਾਪਸ ਮੁੜੇਗਾ।

**ਆਇਤ 31.** ਅਧਿਆਇ ਦੀ ਵੰਡ ਸੁਭਾਵਕ ਤੌਰ ਤੇ 12:31 ਦੇ ਅੱਧ ਵਿਚਾਲੇ ਆਉਂਦੀ ਹੈ। ਪੌਲੁਸ ਨੇ ਕਿਹਾ, **ਪਰ ਤੁਸੀਂ ਚੰਗੀਆਂ ਤੋਂ ਚੰਗੀਆਂ ਦਾਤਾਂ ਨੂੰ ਲੋਚੋ**; ਪਵਿੱਤਰ ਆਤਮਾ ਦੁਆਰਾ ਦਿੱਤੀ ਜਾਣ ਵਾਲੀ ਦਾਤ ਦੀ ਇੱਛਾ ਕਰਨਾ ਸ਼ਲਾਘਾਯੋਗ ਸੀ। ਪਹਿਲੀ ਨਜ਼ਰ ਵਿੱਚ, ਇਹ ਅਜੀਬ ਜਾਪਦਾ ਹੈ ਕਿ ਪੌਲੁਸ ਕਲੀਸੀਆ ਨੂੰ ਆਤਮਿਕ ਦਾਤਾਂ ਨੂੰ ਭਾਲਣ ਵਿੱਚ ਉਤਾਵਲੇ ਬਣਨ ਦੇ ਲਈ ਕਹੇਗਾ ਜਦਕਿ 12:7-11 ਵਿੱਚ ਉਸ ਨੇ ਕਿਹਾ ਸੀ ਕਿ ਆਤਮਾ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਦਾਤਾਂ ਵੰਡ ਦਿੰਦਾ ਹੈ। ਸ਼ਾਇਦ ਕੁਰਿੰਥੁਸ ਦੇ ਲੋਕਾਂ ਨੇ ਇਹ ਸਮਝਣਾ ਸੀ ਕਿ ਆਤਮਾ ਉਨ੍ਹਾਂ ਲੋਕਾਂ ਨੂੰ ਅਜਿਹੀਆਂ ਦਾਤਾਂ ਜਿਸ ਤਰ੍ਹਾਂ ਉਸ ਨੂੰ ਸਹੀ ਲੱਗਦਾ ਸੀ ਦੇ ਦਿੰਦਾ ਹੈ ਜਿਹੜੇ ਉਨ੍ਹਾਂ ਨੂੰ ਲੋਚਦੇ ਸਨ। ਇੱਕ ਮਸੀਹੀ ਵਿਅਕਤੀ ਜਿਹੜਾ ਕਲੀਸੀਆ ਦੇ ਸੇਵਾ ਕਰਨ ਦੇ ਉਦੇਸ਼ ਨਾਲ ਸੱਚੇ ਮਨੋਂ ਕੋਈ ਵਿਸ਼ੇਸ਼

ਦਾਤ ਮੰਗਦਾ ਹੈ ਤਾਂ ਉਹ ਆਤਮਾ ਨੂੰ ਉਸ ਨੂੰ ਉਹ ਦਾਤ ਦਿੰਦਿਆਂ ਪਾਉਂਦਾ ਹੈ। ਇਨ੍ਹਾਂ ਦਾਤਾਂ ਤੇ ਚਰਚਾ ਕਰਨ ਤੋਂ ਬਾਅਦ, ਪੌਲੁਸ ਨੇ ਆਪਣੇ ਪਾਠਕਾਂ ਨੂੰ ਜ਼ਿਆਦਾ ਸੰਪੂਰਣ ਏਕਤਾ ਪ੍ਰਾਪਤ ਕਰਨ ਲਈ **ਬਹੁਤ ਹੀ ਸਰੇਸ਼ਟ ਮਾਰਗ** ਤੇ ਚੱਲਣ ਦੀ ਸਲਾਹ ਦਿੱਤੀ।

ਪੌਲੁਸ ਦੀ ਚਿੰਤਾ ਇਹ ਸੀ ਮਸੀਹੀ ਲੋਕ ਭਰੱਪਣ ਦੇ ਪ੍ਰੇਮ ਤੇ ਅਧਾਰਿਤ ਸੇਵਕਾਈ ਦੇ ਲਈ ਦਾਤਾਂ ਨੂੰ ਭਾਲਣ। ਉਸ ਦ੍ਰਿਸ਼ਟੀਕੋਣ ਤੋਂ, ਕੁਰਿੰਥੁਸ ਦੇ ਲੋਕ ਪਰਮੇਸ਼ੁਰ ਦੀਆਂ ਦਾਤਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਦਾਤ ਅਰਥਾਤ ਪ੍ਰੇਮ ਦੀ ਦਾਤ ਨੂੰ ਨਜ਼ਰਅੰਦਾਜ਼ ਕਰ ਰਹੇ ਸਨ (8:1; 16:14)। ਪੌਲੁਸ ਉਨ੍ਹਾਂ ਦੇ ਸਾਹਮਣੇ ਉਸ ਦਾਤ ਨੂੰ ਖੋਲ੍ਹਣਾ ਚਾਹੁੰਦਾ ਸੀ ਜਿਸ ਨੂੰ ਪਾਉਣ ਦਾ ਸਾਰੇ ਲੋਕ ਦਾਅਵਾ ਕਰ ਸਕਦੇ ਸਨ। ਇਹ ਦਾਤ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਸਭਨਾਂ ਦਾਤਾਂ ਨਾਲੋਂ ਵੱਡੀ ਸੀ ਜਿਨ੍ਹਾਂ ਨੂੰ ਕੁਰਿੰਥੁਸ ਦੇ ਲੋਕ ਭਾਲਦੇ ਸਨ।

# ਪ੍ਰਾਸੰਗਿਕਤਾ

### "ਔਹ ਜਾਂਦੀ ਮਸੀਹ ਦੀ ਕਲੀਸੀਆ"

ਇੱਕ ਪਰਚਾਰਕ ਨੇ ਆਪਣੇ ਗੁਆਂਢ ਵਿੱਚ ਇੱਕ ਛੋਟੇ ਜਿਹੇ ਘਰ ਵਿੱਚ ਰਹਿੰਦੀ ਇੱਕ ਬਜ਼ੁਰਗ ਔਰਤ ਨੂੰ ਜਾ ਕੇ ਮਿਲਣ ਦੇ ਬਾਰੇ ਦੱਸਿਆ। ਉਹ ਅਪੰਗ ਸੀ। ਉਸ ਦਾ ਇੱਕ ਮਿੱਤਰ ਹੀ ਬਜ਼ਾਰ ਵਿੱਚੋਂ ਉਸ ਦੇ ਲਈ ਸਾਰਾ ਸਮਾਨ ਖਰੀਦ ਕੇ ਲਿਆਉਂਦਾ ਸੀ। ਉਹ ਉਸ ਘਰ ਵਿੱਚੋਂ ਜਿੱਥੇ ਉਹ ਰਹਿੰਦੀ ਸੀ ਕਦੇ ਬਾਹਰ ਨਹੀਂ ਸੀ ਗਈ। ਉਸ ਪਰਚਾਰਕ ਨੇ ਕਿਹਾ ਕਿ ਮੈਂ ਉਸ ਔਰਤ ਦੇ ਨਾਲ ਕਾਫੀ ਦੇਰ ਤੱਕ ਗੱਲਬਾਤ ਕੀਤੀ, ਉਸ ਦੇ ਕੋਲੋਂ ਉਸ ਦੀਆਂ ਬਿਮਾਰੀਆਂ ਅਤੇ ਉਸ ਦੇ ਇਕੱਲੇਪਣ ਦੀ ਸਾਰਾ ਦਾਸਤਾਨ ਸੁਣੀ ਅਤੇ ਉਸ ਦੀ ਵੱਲ ਬੜੇ ਗੌਰ ਨਾਲ ਵੇਖਦਾ ਰਿਹਾ। ਇੱਕ ਵਾਰ ਇੱਕ ਮਿੰਟ ਲਈ ਉਸ ਦਾ ਹੱਥ ਇੱਕ ਨਿਸ਼ਚਤ ਥਾਂ ਤੋਂ ਨਿੱਕਲ ਗਿਆ, ਉਹ ਚਲਾ ਗਿਆ। ਉਹ ਬਹੁਤ ਹੀ ਜ਼ਿਆਦਾ ਧੰਨਵਾਦੀ ਪ੍ਰਤੀਤ ਹੁੰਦੀ ਸੀ ਕਿ ਉਹ ਉਸ ਨੂੰ ਮਿਲਣ ਦੇ ਲਈ ਰੁਕਿਆ ਸੀ। ਉਸ ਨੂੰ ਆਪਣਾ ਫਰਜ਼ ਨਿਭਾ ਕੇ ਬਹੁਤ ਹੀ ਚੰਗਾ ਮਹਿਸੂਸ ਹੋਇਆ ਪਰ ਉਸ ਦੀ ਕਹਾਣੀ ਉਸੇ ਤਰ੍ਹਾਂ ਚੱਲਦੀ ਰਹੀ।

ਜਦੋਂ ਉਹ ਚੱਲ ਕੇ ਆਪਣੀ ਕਾਰ ਦੇ ਲਾਗੇ ਗਿਆ, ਉਹ ਕੁਝ ਬੱਚਿਆਂ ਦੇ ਲਾਗੋਂ ਦੀ ਲੰਘਿਆ ਜਿਹੜੇ ਗਲੀ ਵਿੱਚ ਖੇਡ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਬੱਚਾ ਜਾਣਿਆ-ਪਛਾਣਿਆ ਲੱਗਦਾ ਸੀ, ਉਹ ਆਪਣੀ ਆਂਟੀ ਦੇ ਨਾਲ ਬੰਦਗੀ ਵਿੱਚ ਆਇਆ ਸੀ। ਜਦੋਂ ਪਰਚਾਰਕ ਉਸ ਦੇ ਲਾਗੋਂ ਦੀ ਲੰਘਿਆ, ਉਸ ਨੇ ਉਸ ਮੁੰਡੇ ਦੀ ਅਵਾਜ਼ ਸੁਣੀ, ਜਿਸ ਨੇ ਉਸ ਨੂੰ ਪਛਾਣ ਵੀ ਲਿਆ, ਆਪਣੇ ਮਿੱਤਰ ਨੂੰ ਸਮਝਾਇਆ, "ਔਹ ਜਾਂਦੀ ਮਸੀਹ ਦੀ ਕਲੀਸੀਆ।" ਉਸ ਨੂੰ ਲੱਗਾ ਕਿ ਉਸ ਦੀ ਲੱਤਾਂ ਰੁਕ ਗਈਆਂ ਹਨ, ਹਾਲਾਂਕਿ ਉਹ ਅਸਲ ਵਿੱਚ ਰੁਕਿਆ ਨਹੀਂ ਸੀ। ਉਸ ਨੇ ਸੋਚਿਆ ਕਿ ਉਸ ਨੂੰ ਇਸ ਨੌਜਵਾਨ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਉਹ "ਮਸੀਹ ਦੀ ਕਲੀਸੀਆ" ਨਹੀਂ ਸੀ, ਪਰ ਉਹ ਤੁਰਦਾ ਗਿਆ। ਉਸ ਨੇ ਨਹੀਂ ਸੋਚਿਆ ਕਿ ਉਹ ਮੁੰਡਾ ਜਾਂ ਉਸ ਦਾ ਮਿੱਤਰ ਉਸ ਵਿਆਖਿਆ ਨੂੰ ਸਮਝਣਗੇ।

ਫਿਰ ਵੀ, ਇਹ ਗੱਲ ਉਸ ਦੇ ਮਨ ਵਿੱਚੋਂ ਨਹੀਂ ਸੀ ਨਿੱਕਲ ਰਹੀ। ਇਹ ਉਸ ਦੇ ਮਨ ਵਿੱਚ ਹੀ ਬੈਠੀ ਰਹੀ, ਜਿਵੇਂ ਕਿ ਭੋਲੇ ਲੋਕਾਂ ਦੇ ਮੂੰਹ ਵਿੱਚੋਂ ਨਿੱਕਲੇ ਸ਼ਬਦ ਮਨ ਵਿੱਚ ਬੈਠੇ ਰਹਿੰਦੇ ਹਨ। ਪਰਚਾਰਕ ਨੇ ਆਪਣੇ ਆਪ ਨੂੰ ਪੁੱਛਿਆ ਕਿ ਜੇਕਰ ਉਹ "ਮਸੀਹ ਦੀ ਕਲੀਸੀਆ" ਨਹੀਂ ਸੀ ਤਾਂ ਉਹ ਕੌਣ ਸੀ? ਕੀ ਉਸ ਦਾ ਬਜ਼ੁਰਗ ਔਰਤ ਦੇ ਟੁੱਟੇ ਫੁੱਟੇ ਘਰ

ਵਿੱਚ ਜਾ ਕੇ ਮਿਲਣਾ ਮਸੀਹ ਦਾ ਕੋਈ ਕੰਮ ਸੀ ਜੇਕਰ ਇਸ ਤੇ ਮੰਡਲੀ ਦੇ ਲੋਕਾਂ ਕੋਲੋਂ ਮਤਦਾਨ ਕਰਾਇਆ ਜਾਂਦਾ? ਕੀ ਉਸ ਨੂੰ ਜਾਣ ਦੇ ਲਈ ਬਜ਼ੁਰਗਾਂ ਦੀ ਪਰਵਾਨਗੀ ਦੀ ਲੋੜ ਸੀ? ਜੇਕਰ ਸਾਰੀ ਮੰਡਲੀ ਆ ਕੇ ਉਸ ਔਰਤ ਦੇ ਸੋਫੇ ਤੇ ਬੈਠ ਜਾਵੇ, ਤਾਂ ਕੀ ਕਲੀਸੀਆ ਕੰਮ ਰਹੀ ਹੋਵੇਗੀ? ਸ਼ਾਇਦ ਉਹ ਮੁੰਡਾ ਸਹੀ ਸੀ ਜਦੋਂ ਉਸ ਨੇ ਕਿਹਾ, "ਔਹ ਜਾਂਦੀ ਮਸੀਹ ਦੀ ਕਲੀਸੀਆ?"

ਪਰਚਾਰਕ ਦਾ ਮਨ ਮੁੰਡੇ ਦੀ ਉਸ ਗੱਲ ਤੇ ਕੇਂਦਰਿਤ ਰਿਹਾ। ਆਖ਼ਰਕਾਰ, ਉਹ ਹੋਰ ਵੀ ਕਈ ਕੰਮ ਰਿਹਾ ਹੋ ਸਕਦਾ ਸੀ ਜਦੋਂ ਮੁੰਡਿਆਂ ਨੇ ਉਸ ਨੂੰ ਵੇਖਿਆ। ਉਹ ਖੁਸ਼ ਸੀ ਕਿ ਮੁੰਡੇ ਅਤੇ ਉਸ ਦੇ ਮਿੱਤਰ ਨੇ ਉਸ ਆਦਮੀ ਨੂੰ ਕੋਈ ਅਣਉਚਿਤ ਰਸਾਲਾ ਪੜ੍ਹਦਿਆਂ ਜਾਂ ਇਹ ਟਿੱਪਣੀ ਕਰਦਿਆਂ ਨਹੀਂ ਸੀ ਵੇਖਿਆ ਕਿ "ਉਹ ਆਦਮੀ ਮਸੀਹ ਦੀ ਕਲੀਸੀਆ ਹੈ।" ਉਹੀ ਇਸ ਗੱਲ ਦੇ ਲਈ ਧੰਨਵਾਦੀ ਸੀ ਕਿ ਬੱਚਿਆਂ ਨੂੰ ਉਸ ਆਦਮੀ ਬਾਰੇ ਇਹ ਨਹੀਂ ਸੀ ਕਹਿਣਾ ਪਿਆ ਕਿ ਉਸ ਆਦਮੀ ਦੇ ਮੂੰਹ ਵਿੱਚੋਂ ਸ਼ਰਾਬ ਦੀ ਬਦਬੂ ਆਉਂਦੀ ਸੀ। ਮੁੰਡਿਆਂ ਨੇ ਪਰਚਾਰਕ ਨੂੰ ਉਸ ਆਕਰਸ਼ਕ ਨੌਜਵਾਨ ਔਰਤ ਦੇ ਘਰ ਵਿੱਚ ਉਸ ਨੂੰ ਮਿਲਣ ਦੇ ਲਈ ਜਾਂਦਿਆਂ ਜਾਂ ਉਸ ਔਰਤ ਦੇ ਘਰ ਵਿੱਚ ਵੜ੍ਹ ਕੇ ਉਸ ਨੂੰ ਲੁੱਟਣ ਜਾਂ ਉਸ ਦਾ ਨਜ਼ਾਇਜ ਫਾਇਦਾ ਉਠਾਉਂਦਿਆਂ ਨਹੀਂ ਸੀ ਵੇਖਿਆ। ਉਨ੍ਹਾਂ ਨੇ ਕਲੀਸੀਆ ਦੇ ਨੁਮਾਇੰਦੇ ਨੂੰ ਉਸ ਦੇ ਆਪਣੇ ਫਾਇਦੇ ਲਈ ਝੂਠ ਬੋਲਦਿਆਂ ਨਹੀਂ ਸੀ ਵੇਖਿਆ।

ਇਸ ਦਿਨ, ਜਦੋਂ ਇੱਕ ਛੋਟੇ ਬੱਚੇ ਨੇ ਇਸ਼ਾਰਾ ਕਰਕੇ ਕਿਹਾ, "ਔਹ ਜਾਂਦੀ ਮਸੀਹ ਦੀ ਕਲੀਸੀਆ," ਉਸ ਨੇ ਆਪਣੇ ਮਿੱਤਰ ਨੂੰ ਉਹ ਆਦਮੀ ਵਿਖਾਇਆ ਸੀ ਜਿਹੜਾ ਇਕੱਲੀ, ਬਿਮਾਰ ਮਸੀਹੀ ਔਰਤ ਨੂੰ ਮਿਲਣ ਦੇ ਲਈ ਜਾ ਰਿਹਾ ਸੀ। ਇਨ੍ਹਾਂ ਅਤਿ ਸੰਵੇਦਨਸ਼ੀਲ ਬੱਚਿਆਂ ਨੇ ਉਸ ਆਦਮੀ ਨੂੰ ਔਰਤ ਨੂੰ ਉਸ ਦੇ ਸੀਮਤ ਜੀਵਨ ਵਿੱਚ ਥੋੜ੍ਹੀ ਖੁਸ਼ੀ ਦੇਣ ਦੀ ਕੋਸ਼ਿਸ਼ ਕਰਦਿਆਂ ਵੇਖਿਆ ਸੀ। ਪੌਲੁਸ ਦੇ ਸ਼ਬਦ ਉਸ ਦੇ ਮਨ ਵਿੱਚ ਆਏ: "ਜਿਸ ਤਰਾਂ ਸਰੀਰ ਇੱਕ ਹੈ ਅਤੇ ਉਹ ਦੇ ਅੰਗ ਬਹੁਤੇ ਹਨ ਅਤੇ ਸਰੀਰ ਦੇ ਸਾਰੇ ਅੰਗ ਭਾਵੇਂ ਬਹੁਤੇ ਹਨ ਪਰ ਤਾਂ ਵੀ ਰਲ ਕੇ ਇੱਕੋ ਸਰੀਰ ਹੋਇਆ ਸੋ ਇਸੇ ਤਰਾਂ ਮਸੀਹ ਵੀ ਹੈ" (12:12); "ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇੱਕ ਇੱਕ ਕਰਕੇ ਉਹ ਦੇ ਅੰਗ ਹੋ" (12:27)। ਪਰਚਾਰਕ ਆਪਣੇ ਆਪ ਵਿੱਚ ਹੱਸਿਆ। ਸੱਚਮੁੱਚ ਉਸ ਦਿਨ ਉਹ ਮਸੀਹ ਦਾ ਨੁਮਾਇੰਦਾ ਸੀ। ਭਾਵੇਂ ਚੰਗੇ ਜਾਂ ਬੁਰੇ, ਸਾਡੇ ਕੰਮ ਹਮੇਸ਼ਾ ਮਸੀਹ ਦੀ ਕਲੀਸੀਆ ਦੇ ਕੰਮ ਹੁੰਦੇ ਹਨ।

### ਵਿਸ਼ਵਾਸੀਆਂ ਦੀ ਇੱਕ ਟੋਲੀ

ਸਿਧਾਂਤ ਦੇ ਰੂਪ ਵਿੱਚ, ਇੱਕ ਵਿਅਕਤੀ ਨੂੰ ਕਿਸੇ ਵੀਰਾਨ ਟਾਪੂ ਤੇ ਹੋਰਨਾਂ ਮਨੁੱਖਾਂ ਤੋਂ ਬਿਨਾਂ ਇਕਾਂਤ ਸਥਾਨ ਤੇ ਇਕੱਲਾ ਪਰਮੇਸ਼ੁਰ ਦੀ ਬੰਦਗੀ ਕਰਨ ਦੇ ਲਈ ਛੱਡਿਆ ਜਾ ਸਕਦਾ ਹੈ। ਅਜਿਹਾ ਦ੍ਰਿਸ਼ ਸੰਭਵ ਤਾਂ ਹੈ ਪਰ ਇਸ ਤਰ੍ਹਾਂ ਹੋਣਾ ਸੰਭਵ ਨਹੀਂ ਹੈ। ਬਾਈਬਲ ਲੋਕਾਂ ਦੁਆਰਾ ਪਰਮੇਸ਼ੁਰ ਦੀ ਬੰਦਗੀ ਕਰਨ ਦੀ ਤਸਵੀਰ ਕਿਸ ਤਰ੍ਹਾਂ ਪੇਸ਼ ਕਰਦੀ ਹੈ? *ਪੂਰੀ ਬਾਈਬਲ ਵਿੱਚ, ਪਰਮੇਸ਼ੁਰ ਦੀ ਬੰਦਗੀ ਇੱਕ ਸਮਾਜ ਦੇ ਦਾਇਰੇ ਦੇ ਅੰਦਰ ਹੁੰਦੀ ਸੀ*। ਅਬਰਾਹਾਮ ਅਤੇ ਉਸ ਦੇ ਵੰਸ਼ ਪਰਿਵਾਰਕ ਇਕਾਈਆਂ ਵਿੱਚ ਪਰਮੇਸ਼ੁਰ ਦੀ ਸੇਵਾ ਕਰਦੇ ਸਨ। ਹਰੇਕ ਮੈਂਬਰ ਨੇ ਜੋ ਕੁਝ ਕੀਤਾ ਜਾਂ ਕਿਹਾ ਉਸ ਨੇ ਸਮੁੱਚੇ ਪਰਿਵਾਰ ਦੇ ਫਾਇਦੇ ਜਾਂ ਨੁਕਸਾਨ ਦੇ ਲਈ ਕੰਮ ਕੀਤਾ। ਜਦੋਂ ਲੂਤ ਅਬਰਾਹਾਮ ਤੋਂ ਅੱਡ ਹੋ ਗਿਆ ਅਤੇ ਉਸ ਨੇ

ਯਰਦਨ ਦੇ ਸਾਰੇ ਮੈਦਾਨ ਨੂੰ ਚੁਣਿਆ (ਉਤਪਤ 13:10), ਨਤੀਜੇ ਬਹੁਤ ਹੀ ਵਿਨਾਸ਼ਕਾਰੀ ਹੋਏ। ਪੁਰਖਾਂ ਦੇ ਪਰਿਵਾਰਕ ਅਤੇ ਸਮੁਦਾਇਕ ਭਾਵ ਨੇ ਹਮਲਾ ਕਰਨ ਵਾਲੇ ਰਾਜਿਆਂ ਤੋਂ ਆਪਣੇ ਭਤੀਜੇ ਨੂੰ ਬਚਾਉਣ ਦੇ ਲਈ ਉਸ ਦੇ 318 ਮਨੁੱਖਾਂ ਨੂੰ ਇਸਤੇਮਾਲ ਕਰਨ ਦੇ ਲਈ ਉਕਸਾਇਆ (ਉਤਪਤ 14:14)। ਇਸਰਾਏਲ ਦੀ ਕੌਮ ਪੁਰਖੀ ਸਮਾਜ ਦਾ ਵਿਸਤਾਰ ਸੀ। 1 ਕੁਰਿੰਥੀਆਂ 12 ਵਿੱਚ ਪੌਲੁਸ ਦੀ ਨਸੀਹਤ ਇੱਕ ਵਿਸ਼ੇ ਦਾ ਵਿਸਤਾਰ ਸੀ ਜੋ ਪੂਰੀ ਬਾਈਬਲ ਵਿੱਚ ਚੱਲਦਾ ਹੈ। ਪਰਮੇਸ਼ੁਰ ਦੇ ਲੋਕ ਇੱਕ ਸਮਾਜ ਦੇ ਰੂਪ ਵਿੱਚ ਰਹਿੰਦੇ, ਬੰਦਗੀ ਕਰਦੇ ਅਤੇ ਇੱਕ ਦੂਜੇ ਦੀ ਚਿੰਤਾ ਕਰਦੇ ਹਨ।

ਮਨੁੱਖੀ ਸਰੀਰ ਦਾ ਉਦਾਹਰਣ ਇੱਕ ਸਮਾਜ ਦੀ ਧਾਰਣਾ ਦੀ ਵਧੀਆ ਮਿਸਾਲ ਦਿੰਦਾ ਹੈ। ਸਾਰਿਆਂ ਦੀ ਖੁਸ਼ਹਾਲੀ ਦੇ ਲਈ ਲੋਕ ਪਿੰਡ, ਸ਼ਹਿਰ, ਪ੍ਰਦੇਸ, ਸੂਬੇ ਅਤੇ ਦੇਸ਼ ਵਸਾਉਂਦੇ ਬਣਾਉਂਦੇ ਹਨ। ਪੌਲੁਸ ਇਸ ਗੱਲ ਦਾ ਉਦਾਹਰਣ ਦੇਣ ਦੇ ਲਈ ਕਿ ਹਰ ਵਿਅਕਤੀ ਸਮੁੱਚੇ ਸਰੀਰ ਦੇ ਲਈ ਆਪਣਾ-ਆਪਣਾ ਯੋਗਦਾਨ ਦਿੰਦਾ ਹੈ ਸਰੀਰ ਦੀ ਅਨੇਕਤਾ ਵਿੱਚ ਏਕਤਾ ਦੀ ਯੋਜਨਾ ਬਣਾਉਣ ਵਾਲਾ ਪਹਿਲਾ ਵਿਅਕਤੀ ਨਹੀਂ ਸੀ। ਫਿਲਾਸਫਰਾਂ ਅਤੇ ਬੁਲਾਰਿਆਂ ਨੇ ਇਸ ਉਦਾਹਰਣ ਦੀ ਅਕਸਰ ਇੰਨੀ ਵਰਤੋਂ ਕੀਤੀ ਸੀ ਇਹ ਯੂਨਾਨੀ-ਰੋਮੀ ਸੰਸਾਰ ਵਿੱਚ ਇੱਕ ਆਮ ਉਦਾਹਰਣ ਬਣ ਗਈ ਸੀ। ਫਿਰ ਵੀ, ਇਹ ਸਮਾਨਤਾ ਖਾਸ ਕਰਕੇ ਮੰਡਲੀ ਪੱਧਰ ਤੇ ਕਲੀਸੀਆ ਦੇ ਲਈ ਢੁਕਵੀਂ ਹੈ। ਇਸ ਦਾ ਕਾਰਣ ਇਹ ਹੈ।

*ਮਸੀਹ ਨੇ ਇਹ ਆਗਿਆ ਕਿ "ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ ਕਰੋ" ਸਮੂਹਿਕ ਤੌਰ ਤੇ ਕਲੀਸੀਆ ਨੂੰ ਦਿੱਤੀ ਸੀ ਨਾ ਕਿ ਵਿਅਕਤੀਗਤ ਤੌਰ ਤੇ ਹਰੇਕ ਮਸੀਹੀ ਨੂੰ* (ਮਰਕੁਸ 16:15)। ਪ੍ਰਭੂ ਨੇ ਇਹ ਕੰਮ ਪਰਚਾਰਕਾਂ, ਯਾਜਕਾਂ ਜਾਂ ਆਗੂਆਂ ਦੇ ਇੱਕ ਚੁਣੇ ਹੋਏ ਸਮੂਹ ਨੂੰ ਨਹੀਂ ਸੀ ਦਿੱਤਾ।

ਹਰੇਕ ਮਸੀਹੀ ਵਿਅਕਤੀ ਆਪਣੀਆਂ ਯੋਗਤਾਵਾਂ ਜਾਂ ਨਿਪੁੰਨਤਾਵਾਂ ਨਾਲ ਉਸ ਮਿਸ਼ਨ ਵਿੱਚ ਆਪਣਾ ਯੋਗਦਾਨ ਦਿੰਦਾ ਹੈ ਜੋ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਦਿੱਤਾ ਹੈ। ਆਦਰਸ਼ ਰੂਪ ਵਿੱਚ, ਹਰ ਮਸੀਹੀ ਵਿਅਕਤੀ ਉਨ੍ਹਾਂ ਯੋਗਤਾਵਾਂ ਦੀ ਪ੍ਰਸ਼ੰਸਾ ਕਰਦਾ ਅਤੇ ਉਨ੍ਹਾਂ ਵਿੱਚ ਅਨੰਦ ਹੁੰਦਾ ਹੈ ਜੋ ਪਰਮੇਸ਼ੁਰ ਨੇ ਉਸ ਨੂੰ ਖੁਦ ਨੂੰ ਅਤੇ ਦੂਜਿਆਂ ਨੂੰ ਦਿੱਤੀਆਂ ਹਨ। ਹਰ ਕੋਈ ਆਪਣੀ-ਆਪਣੀ ਭੂਮਿਕਾ ਨਿਭਾਉਣ ਦੇ ਲਈ ਦੂਜੇ ਤੇ ਨਿਰਭਰ ਹੈ। ਉਹ ਜਿਨ੍ਹਾਂ ਕੋਲ ਅਨੇਕ ਪਰਕਾਰ ਦੀਆਂ ਦਾਤਾਂ ਹਨ ਖਾਸ ਰੂਪ ਵਿੱਚ ਮੁਬਾਰਕ ਹਨ, ਪਰ ਹਰੇਕ ਨੇ ਜੋ ਕੋਈ ਵੀ ਗੁਣ ਪਰਮੇਸ਼ੁਰ ਨੇ ਉਸ ਨੂੰ ਦਿੱਤਾ ਹੈ ਉਸ ਨੂੰ ਵਰਤਣਾ ਹੈ। ਝਗੜਾ ਅਤੇ ਈਰਖਾ ਮਸੀਹ ਦੀ ਦੇਹ ਦੇ ਲਈ ਵਿਨਾਸ਼ਕਾਰੀ ਹਨ।

*ਜਦਕਿ ਸਰੀਰ ਬਹੁਤ ਸਾਰੇ ਅੰਗਾਂ ਨੂੰ ਮਿਲ ਕੇ ਬਣਿਆ ਹੋਇਆ ਹੈ ਪਰ ਇਹ ਇੱਕ ਹੈ।* ਜਦੋਂ ਇੱਕ ਅੰਗ ਦਾ ਆਦਰ ਕੀਤਾ ਜਾਂਦਾ ਹੈ, ਸਰੀਰ ਉਸ ਬਰਕਤ ਵਿੱਚ ਸਾਂਝੀ ਹੁੰਦਾ ਹੈ। ਜਦੋਂ ਇੱਕ ਮੈਂਬਰ ਆਪਣਾ ਫਰਜ਼ ਨਿਭਾਉਣ ਵਿੱਚ ਅਸਫਲ ਹੁੰਦਾ ਹੈ, ਜਦੋਂ ਇੱਕ ਮਸੀਹੀ ਵਿਅਕਤੀ ਪਾਪ ਦਾ ਸ਼ਿਕਾਰ ਹੋ ਜਾਂਦਾ ਹੈ, ਸਾਰੇ ਸਰੀਰ ਨੂੰ ਦੁੱਖ ਹੁੰਦਾ ਹੈ।

ਸਰੀਰ ਦਾ ਅੰਗ ਹੋਣਾ ਮਸੀਹੀ ਜੀਉਣ ਦੇ ਲਈ ਵਿਕਲਪਕ ਨਹੀਂ ਹੈ। ਕਲੀਸੀਆ ਦੀ ਮੰਡਲੀ ਜ਼ਰੂਰੀ ਹੈ ਜੇਕਰ ਸਰੀਰ ਨੇ ਸਮੁਦਾਇਕ ਜੀਵਨ ਦੇ ਵਰਗਾ ਬਣਨਾ ਹੈ। ਮਸੀਹੀ ਬਣਨ ਦੇ ਲਈ ਯਿਸੂ ਨੂੰ ਆਪਣੇ ਦਿਲ ਵਿੱਚ ਕਬੂਲ ਕਰਨ ਤੋਂ ਵੱਧ ਕੇ ਵੀ ਕੁਝ ਹੈ। ਵਿਅਕਤੀ ਨੂੰ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਨ ਦੇ ਲਈ ਉਸ ਦੇ ਰੱਬੀ ਹੁਕਮਾਂ ਦਾ ਪਾਲਣ ਕਰਨ, ਆਪਣੇ ਪਾਪਾਂ ਤੋਂ ਤੋਬਾ ਕਰਨ, ਯਿਸੂ ਮਸੀਹ ਦਾ ਪਰਮੇਸ਼ੁਰ ਦੇ ਪੁੱਤਰ ਵਜੋਂ

ਇਕਰਾਰ ਕਰਨ ਅਤੇ ਬਪਤਿਸਮਾ ਲੈਣ ਦੀ ਲੋੜ ਹੈ। ਇਸ ਤਰੀਕੇ ਨਾਲ, ਉਹ ਪਰਮੇਸ਼ੁਰ ਦੇ ਪਰਿਵਾਰ ਦਾ ਹਿੱਸਾ ਬਣਦਾ ਹੈ। ਇੱਕ ਮਸੀਹੀ ਵਿਅਕਤੀ ਦੇ ਤੌਰ ਤੇ ਜੀਉਣਾ ਨਿਰਾ ਯਿਸੂ ਅਤੇ ਉਸ ਵਿਅਕਤੀ ਵਿਚਕਾਰ ਹੀ ਨਿਰੀ ਗੱਲ ਨਹੀਂ ਹੈ ਜਿਹੜਾ ਉਸ ਦੇ ਨਾਮ ਦਾ ਇਕਰਾਰ ਕਰਦਾ ਹੈ। ਇਸ ਦੇ ਵਿੱਚ ਪ੍ਰੇਰਣਾ, ਸਮਰਥਨ, ਤਾੜਨਾ ਅਤੇ ਸੁਧਾਰ ਸ਼ਾਮਲ ਹੁੰਦਾ ਹੈ ਜੋ ਸਮੁਦਾਇਕ ਜੀਵਨ ਵਿੱਚੋਂ ਪੈਦਾ ਹੁੰਦਾ ਹੈ। ਬਹੁਤ ਸਾਰੇ ਮਸੀਹੀ ਲੋਕ ਸਾਥੀ ਵਿਸ਼ਵਾਸੀਆਂ ਤੇ ਦੋਸ਼ ਲਗਾਉਣ ਵਿੱਚ ਕਾਹਲੇ ਹੁੰਦੇ ਹਨ ਜਦੋਂ ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ, ਫਿਰ ਵੀ ਉਹ ਉਨ੍ਹਾਂ ਨੂੰ ਸਹਾਇਤਾ ਦੇਣ ਵਿੱਚ ਧੀਮੇ ਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਮਦਦ ਦੀ ਲੋੜ ਹੁੰਦੀ ਹੈ।

---

ਟਿੱਪਣੀਆਂ

[1]ਸਿਰ ਨੂੰ ਢੱਕਣਾ ਜਿਵੇਂ ਕਿ 11:3-16 ਵਿੱਚ ਚਰਚਾ ਕੀਤੀ ਗਈ ਹੈ ਸ਼ਾਇਦ ਵਿਸ਼ੇਸ਼ ਤੌਰ ਤੇ ਮੰਡਲੀ ਤੇ ਲਾਗੂ ਨਹੀਂ ਕੀਤਾ ਗਿਆ। [2]ਕੁਰਿੰਥੁਸ ਦੀ ਕਲੀਸੀਆ ਨੂੰ ਲਿਖੀ ਆਪਣੀ ਪੱਤ੍ਰੀ ਵਿੱਚ, ਕਲੀਮੈਂਟ ਨੇ "ਈਰਖਾ ਅਤੇ ਕੁੜੱਤਣ, ਝਗੜਾ ਅਤੇ ਵਿਦਰੋਹ . . ." ਬਾਰੇ ਚਿੰਤਾ ਵਿਅਕਤ ਕੀਤੀ ਸੀ (ਕਲੀਮੈਂਟ ਆਫ਼ ਰੋਮ *ਫਸਟ ਕਲੀਮੈਂਟ* 3:2)। [3]ਭਾਸ਼ਾ ਵਿਗਿਆਨੀ ਉਸ ਸ਼ਬਦ ਬਾਰੇ ਗੱਲ ਕਰਦੇ ਹਨ ਜੋ ਇਸ ਸ਼ਬਦ ਦਾ "ਸ਼ਬਦ ਅਰਥ ਗਿਆਨ ਖੇਤਰ" ਵਿੱਚ ਅਰਥ ਹੁੰਦਾ ਹੈ। [4]ਇਸ ਸ਼ਬਦ ਤੇ ਇੱਕ ਚੰਗੀ ਚਰਚਾ ਡੀ. ਏ. ਕਾਰਸਨ ਦੀ ਪੁਸਤਕ ਸ਼ੋਇੰਗ ਦ ਸਪਿਰਿਟ: *ਏ ਥੀਓਲੋਜੀਕਲ ਐਕਸਪੋਜਿਸ਼ਨ ਆਫ਼ 1 ਕੁਰਿੰਥੀਅਨਜ਼ 12-14* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1987), ਵਿੱਚ ਸਫ਼ੇ 19-22 ਤੇ ਦਿੱਤੀ ਗਈ ਹੈ। [5]ਜੈਕ ਕੌਟਰੈਲ, *ਪਾਵਰ ਫਰਾਮ ਆਨ ਹਾਈ: ਵੱਟ ਦ ਬਾਈਬਲ ਸੇਜ਼ ਅਬਾਊਟ ਦ ਹੋਲੀ ਸਪਿਰਿਟ* (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ ਪਬਲਿਸ਼ਿੰਗ ਕੰਪਨੀ, 2007), 411. [6]ਜੇਮਸ ਗਰੀਨਬੱਰੀ, "1 ਕੁਰਿੰਥੀਅਨਜ਼ 14:34-35: ਇਵੈਲੂਏਸ਼ਨ ਆਫ਼ ਪਰੋਫੈਸੀ ਰਿਵਿਜ਼ਿਟਡ," *ਜਰਨਲ ਆਫ਼ ਦ ਇਵੈਂਜਲੀਕਲ ਥੀਓਲੋਜੀਕਲ ਸੋਸਾਇਟੀ* 51 (ਦਿਸੰਬਰ 2008): 724. [7]ਲੀਓਨ ਮੌਰਿਸ ਨੇ ਦਲੀਲ ਦਿੱਤੀ ਸੀ ਕਿ ਰਸੂਲਾਂ ਦੇ ਕਰਤੱਬ 2 ਵਿੱਚ "ਭਾਸ਼ਾਂ" ਉਸ ਨਾਲੋਂ ਇੱਕ ਵੱਖਰੀ ਚੀਜ਼ ਹੈ ਜੋ ਕੁਰਿੰਥੀਆਂ ਵਿੱਚ ਦਿੱਤੀਆਂ ਗਈਆਂ ਹਨ। ਉਸ ਦਾ ਵਿਚਾਰ ਵੀ ਉਹੀ ਹੈ ਜੋ ਬਹੁਤ ਸਾਰੀਆਂ ਕਮੈਂਟਰੀਆਂ ਵਿੱਚ ਦਿੱਤਾ ਗਿਆ ਹੈ। (ਲੀਓਨ ਮੌਰਿਸ, *ਦ ਫਸਟ ਏਪਿਸਲ ਆਫ਼ ਪੌਲ ਟੂ ਦ ਕੁਰਿੰਥੀਅਨਜ਼*, ਸੋਧਿਆ ਸੰਸਕਰਣ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1985], 169.) [8]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼*, ਬੇਕਰ ਐਕਸਜੈਟੀਕਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2003), 584. [9]ਰੌਬਰਟ ਐਚ. ਗੁੰਡਰੀ, "'ਐਕਸਟੈਟਿਕ ਅਟਰੈਂਸ' (N.E.B.)?" *ਜਰਨਲ ਫਾਰ ਥੀਓਲੋਜੀਕਲ ਸਟੱਡੀਜ਼* 17 (1966): 299-307. [10]ਜੇਰੋਮ ਮਰਫੀ ਓ ਕੋਰਨਰ, *ਸੇਂਟ ਪੌਲਸ ਕੁਰਿੰਥ: ਟੈਕਸਟਸ ਐਂਡ ਆਰਕੀਓਲੋਜੀ*, ਤੀਜਾ ਸੋਧ ਅਤੇ ਸੰਪਾਦਨ (ਕੌਲਜਵਿਲੇ, ਮਿਨੇਸੋਟਾ: ਲਿਟਰਜੀਕਲ ਪ੍ਰੈਸ, 2002), 191.

[11]ਕੋਟਰੈਲ, 308-9 [12]ਲਿਵੀ *ਹਿਸਟੋਰੀਆ* 2.32. [13]ਐਪਿਕਟੈਟਸ *ਡਿਸਕੋਰਸਸ* 2.5.25-26. [14]ਮੌਰਿਸ, 173. [15]ਥੋਮਸ ਕੈਂਪਬੈਲ, *ਡੈਕਲਾਰੇਸ਼ਨ ਐਂਡ ਅਡਰੈਸ* (ਸੇਂਟ ਲੂਇਸ: ਮਿਸ਼ਨ ਮੈਸੰਜਰ, 1978)। ਇਹ ਦਸਤਾਵੇਜ਼ ਆਨਲਾਈਨ ਵੇਖਿਆ ਜਾ ਸਕਦਾ ਹੈ (accessed September 25, 2015, http://www.therestorationmovement.com/_states/wv/declaration.htm#4). ਕੈਂਪਬੈਲ (1763-1854) ਨੇ ਇਹ ਸੰਬੋਧਨ 1809 ਵਿੱਚ ਪੇਸ਼ ਕੀਤਾ ਸੀ। [16]ਇਸੇ ਸ਼ਬਦ ਦਾ 2 ਕੁਰਿੰਥੀਆਂ 8:23 ਵਿੱਚ "ਸਾਥੀ" ਕਰਕੇ ਅਨੁਵਾਦ ਕੀਤਾ ਗਿਆ ਹੈ।